ਬੁੱਧਵਾਰ, 22 ਅਪ੍ਰੈਲ, 2026

9 ਵਿਸਾਖ { ਨਾਨਕਸ਼ਾਹੀ 558 / ਬਿਕਰਮੀ 2083 }

ਜਿਲਦ/VOL. : 74

ਅੰਕ/NO. : 321

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 22 APRIL, 2026 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

## ਲੈਨਿਨ ਦਾ ਅੱਜ 156ਵਾਂ ਜਨਮ ਦਿਨ



ਸੰਸਾਰ ਪ੍ਰਸਿੱਧ ਮਾਰਕਸਵਾਦੀ ਦਾਰਸ਼ਨਿਕ ਤੇ ਸਮਾਜਵਾਦੀ ਅਕਤੂਬਰ ਇਨਕਲਾਬ ਦੇ ਮਹਾਨ ਆਗੂ ਵਲਾਦੀਮੀਰ ਇਲੀਇਚ ਲੈਨਿਨ ਦਾ ਅੱਜ 156ਵਾਂ ਜਨਮ ਦਿਨ ਹੈ। ਜ਼ੁਲਮ ਤੇ ਸ਼ੋਸ਼ਣ ਖਿਲਾਫ ਲੜਾਈ ਨੂੰ ਨਵੀਂ ਦਿਸ਼ਾ ਦੇਣ ਵਾਲੇ ਮਹਾਨ ਆਗੂ ਬਾਰੇ ਵਿਸ਼ੇਸ਼ ਲੇਖ ਸਫਾ 4 'ਤੇ।

## 26-27 ਨੂੰ ਪੈ ਸਕਦੈ ਮੀਂਹ

**ਨਵੀਂ ਦਿੱਲੀ** : ਭਾਰਤੀ ਮੌਸਮ ਵਿਭਾਗ ਮੁਤਾਬਕ ਅਗਲੇ ਪੰਜ ਦਿਨ ਮੌਸਮ ਖੁਸ਼ਕ ਰਹਿਣ ਤੋਂ ਬਾਅਦ 26 ਤੇ 27 ਅਪ੍ਰੈਲ ਨੂੰ ਪੰਜਾਬ ਤੇ ਹਰਿਆਣਾ 'ਚ ਹਲਕੀ ਬਾਰਿਸ਼ ਦੀ ਸੰਭਾਵਨਾ ਹੈ। ਅਗਲੇ ਪੰਜ ਦਿਨ ਵੱਧ ਤੋਂ ਵੱਧ ਤਾਪਮਾਨ ਵਿੱਚ 3-4 ਡਿਗਰੀ ਸੈਲਸੀਅਸ ਦਾ ਹੌਲੀ-ਹੌਲੀ ਵਾਧਾ ਹੋਣ ਦੀ ਉਮੀਦ ਹੈ।

## ਸਕਰੈਪ 'ਚ ਧਮਾਕਾ, ਮਜ਼ਦੂਰ ਦੀ ਮੌਤ

**ਲੁਧਿਆਣਾ (ਕਥੂਰੀਆ)**-ਮੰਗਲਵਾਰ ਹੰਬੜਾਂ ਇਲਾਕੇ ਵਿੱਚ ਬਾਂਸਲ ਸਕਰੈਪ ਦੀ ਦੁਕਾਨ 'ਚ ਧਮਾਕੇ ਕਾਰਨ ਚੰਦਨ ਕੁਮਾਰ (40) ਦੀ ਮੌਤ ਹੋ ਗਈ, ਜਦਕਿ ਬਾਬਾ ਫੂਲ ਪਾਸਵਾਨ (60) ਜ਼ਖ਼ਮੀ ਹੋ ਗਿਆ।

## ਬਾਈਕ ਸਵਾਰ ਦੀ ਮੌਤ

**ਜਲੰਧਰ** : ਮੰਗਲਵਾਰ ਚੁਨਮੁਨ ਮਾਲ ਨੇੜੇ ਪੰਜਾਬ ਰੋਡਵੇਜ਼ ਦੀ ਬੱਸ ਨਾਲ ਟੱਕਰ 'ਚ 54 ਸਾਲਾ ਬਾਈਕ ਸਵਾਰ ਜਸਵਿੰਦਰ ਸਿੰਘ ਦੀ ਮੌਤ ਹੋ ਗਈ। ਉਹ ਨੱਥੂਚਾਹਲ ਦਾ ਸੀ।

## ਏ ਐੱਸ ਆਈ ਕਾਬੂ

**ਫਰੀਦਕੋਟ** : ਵਿਜੀਲੈਂਸ ਨੇ ਜੈਤੋ ਥਾਣੇ ਵਿੱਚ ਤਾਇਨਾਤ ਏ ਐੱਸ ਆਈ ਹਰਪਾਲ ਸਿੰਘ ਨੂੰ 73,500 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਕੁਝ ਦਿਨ ਪਹਿਲਾਂ ਟਿੱਬੀ ਸਾਹਿਬ ਰੋਡ ਦੀ ਗੁਰਪ੍ਰੀਤ ਕੌਰ ਦੇ ਪਤੀ ਲਖਵੀਰ ਸਿੰਘ ਉਰਫ਼ ਲੱਕੀ ਅਤੇ ਸੱਸ ਜਸਵੀਰ ਕੌਰ ਨੂੰ ਨਸ਼ੀਲੀਆਂ ਗੋਲੀਆਂ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਬਦਲੇ ਮੁਲਜ਼ਮ ਨੇ 2 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ ਤੇ ਪਹਿਲੀ ਕਿਸ਼ਤ ਲੈਣ ਆਇਆ ਦਬੋਚਿਆ ਗਿਆ।

## ਡੀ ਐੱਸ ਪੀ ਦੀ ਮੌਤ



**ਫਗਵਾੜਾ** : ਐਂਟੀ ਨਾਰਕੋਟਿਕਸ ਟਾਸਕ ਫੋਰਸ ਵਿੱਚ ਸੇਵਾ ਨਿਭਾਅ ਰਹੇ ਡੀ ਐੱਸ ਪੀ ਯੋਗੇਸ਼ ਕੁਮਾਰ ਦੀ ਮੰਗਲਵਾਰ ਸਵੇਰੇ ਸਰਕਾਰੀ ਰਿਹਾਇਸ਼ 'ਤੇ ਗੋਲੀ ਲੱਗਣ ਕਾਰਨ ਮੌਤ ਹੋ ਗਈ। ਉਹ ਉਦੋਂ ਪਤਨੀ, ਮਾਤਾ-ਪਿਤਾ, ਪੁੱਤਰ ਅਤੇ ਧੀ ਨਾਲ ਘਰ ਵਿੱਚ ਮੌਜੂਦ ਸੀ। ਉਸ ਦੀ ਤਿੰਨ ਦਿਨ ਪਹਿਲਾਂ ਚੰਡੀਗੜ੍ਹ ਵਿਖੇ ਬਿਊਰੋ ਆਫ਼ ਇਨਵੈਸਟੀਗੇਸ਼ਨ ਵਿੱਚ ਬਦਲੀ ਹੋਈ ਸੀ। ਪਰਵਾਰਕ ਮੈਂਬਰਾਂ ਅਨੁਸਾਰ ਜਦੋਂ ਅਧਿਕਾਰੀ ਹਥਿਆਰ ਸਾਫ਼ ਕਰ ਰਿਹਾ ਸੀ ਤਾਂ ਅਚਾਨਕ ਗੋਲੀ ਚੱਲ ਗਈ।

# ਅਮਰੀਕਾ ਤੇ ਈਰਾਨ ਵਿਚਾਲੇ ਦੂਜੇ ਦੌਰ ਦੀ ਗੱਲਬਾਤ ਸ਼ੁਰੂ ਹੋਣ ਦੀ ਆਸ

**ਇਸਲਾਮਾਬਾਦ** : ਅਮਰੀਕਾ ਤੇ ਈਰਾਨ ਨੇ ਇਸਲਾਮਾਬਾਦ ਵਿੱਚ ਜੰਗਬੰਦੀ ਦੇ ਮਾਮਲੇ ਵਿਚ ਹੋਣ ਵਾਲੀ ਗੱਲਬਾਤ ਦੇ ਨਵੇਂ ਦੌਰ ਵਿੱਚ ਸ਼ਾਮਲ ਹੋਣ ਦਾ ਸੰਕੇਤ ਦਿੱਤਾ ਹੈ। ਡੋਨਾਲਡ ਟਰੰਪ ਦੀਆਂ ਚਿਤਾਵਨੀਆਂ ਦੇ ਦਰਮਿਆਨ ਇਨ੍ਹਾਂ ਦੋਵਾਂ ਦੇਸ਼ਾਂ ਦੇ ਆਗੂਆਂ ਦਾ ਇੱਕ ਮੰਚ 'ਤੇ ਆਉਣਾ ਸ਼ਾਂਤੀ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੋ ਸਕਦਾ ਹੈ। ਇਹ ਜਾਣਕਾਰੀ ਦੋ ਖੇਤਰੀ ਅਧਿਕਾਰੀਆਂ ਨੇ ਨਿਊਜ਼ ਏਜੰਸੀ ਨਾਲ ਸਾਂਝੀ ਕੀਤੀ ਹੈ। ਅਧਿਕਾਰੀਆਂ ਅਨੁਸਾਰ ਇਸ ਪ੍ਰਸਤਾਵਿਤ ਗੱਲਬਾਤ ਦਾ ਮੁੱਖ ਉਦੇਸ਼ ਹਿੰਸਾ ਨੂੰ ਰੋਕਣਾ ਅਤੇ ਖੇਤਰੀ ਸੁਰੱਖਿਆ ਨੂੰ ਬਹਾਲ ਕਰਨਾ ਹੈ। ਹਾਲਾਂਕਿ ਦੋਵਾਂ ਦੇਸ਼ਾਂ ਵੱਲੋਂ ਅਜੇ ਅਧਿਕਾਰਤ ਪੁਸ਼ਟੀ ਹੋਣੀ ਬਾਕੀ ਹੈ, ਪਰ ਇਸਲਾਮਾਬਾਦ ਨੂੰ ਇਸ ਅਹਿਮ ਗੱਲਬਾਤ ਲਈ ਇੱਕ ਸੰਭਾਵੀ ਕੇਂਦਰ ਵਜੋਂ ਦੇਖਿਆ ਜਾ ਰਿਹਾ ਹੈ।

ਉਧਰ ਈਰਾਨ ਵਿੱਚ ਲਗਭਗ 50 ਦਿਨਾਂ ਦੇ ਵਕਫ਼ੇ ਤੋਂ ਬਾਅਦ ਘਰੇਲੂ ਉਡਾਣ ਸੇਵਾਵਾਂ ਮੁੜ ਸ਼ੁਰੂ ਹੋਣ ਜਾ ਰਹੀਆਂ ਹਨ। ਜੰਗ ਅਤੇ ਇਜ਼ਰਾਈਲ-ਲਿਬਨਾਨ ਟਕਰਾਅ ਕਾਰਨ ਇਹ ਉਡਾਣਾਂ ਬੰਦ ਕੀਤੀਆਂ ਗਈਆਂ ਸਨ, ਜੋ ਹੁਣ ਬੁੱਧਵਾਰ ਤੋਂ ਮੁੜ ਬਹਾਲ ਹੋ ਜਾਣਗੀਆਂ।

## ਸਾਬਕਾ ਅਮਰੀਕੀ ਫੌਜੀਆਂ ਵੱਲੋਂ ਜੰਗ ਦਾ ਵਿਰੋਧ




**ਵਾਸ਼ਿੰਗਟਨ** : ਸੋਮਵਾਰ ਕੈਨਨ ਹਾਊਸ ਆਫਿਸ ਬਿਲਡਿੰਗ 'ਤੇ ਕਬਜ਼ਾ ਕਰਕੇ ਈਰਾਨ ਜੰਗ ਦਾ ਵਿਰੋਧ ਕਰ ਰਹੇ 62 ਸਾਬਕਾ ਫੌਜੀਆਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਕੈਪੀਟਲ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਪ੍ਰਦਰਸ਼ਨ ਦਾ ਆਯੋਜਨ ਅਬਾਊਟ ਫੇਸ, ਸੈਂਟਰ ਆਨ ਕੌਂਸ਼ੈਂਸ ਐਂਡ ਵਾਰ, ਵੈਟਰਨਜ਼ ਫਾਰ ਪੀਸ, ਕਾਮਨ ਡਿਫੈਂਸ, ਦ ਫੇਏਟਵਿਲ ਰਜ਼ਿਸਟੈਂਸ ਕੁਲੀਸ਼ਨ, ਮਿਲਟਰੀ ਫੈਮਿਲੀਜ਼ ਸਪੀਕ ਆਊਟ ਅਤੇ 50501 ਵੈਟਰਨਜ਼ ਨੇ ਕੀਤਾ ਸੀ। ਪ੍ਰਦਰਸ਼ਨਕਾਰੀਆਂ ਨੇ ਲਾਲ ਟਿਊਲਿਪਸ ਫੜੇ ਹੋਏ ਸਨ, ਜਿਨ੍ਹਾਂ ਦਾ ਉਦੇਸ਼ ਅਮਰੀਕੀ ਹਮਲਿਆਂ ਵਿੱਚ ਮਾਰੇ ਗਏ ਈਰਾਨੀਆਂ ਦਾ ਸਨਮਾਨ ਕਰਨਾ ਸੀ। ਉਨ੍ਹਾਂ ਵੱਲੋਂ ਫੜੇ ਬੈਨਰਾਂ 'ਤੇ ਲਿਖਿਆ ਸੀ 'ਈਰਾਨ ਵਿਰੁੱਧ ਜੰਗ ਖਤਮ ਕਰੋ।'

# ਮਾਨ ਵੱਲੋਂ ਕੌਮਾਂਤਰੀ ਵਿੱਤੀ ਸਹਿਯੋਗ ਲਈ ਆਲਮੀ ਪੱਧਰ 'ਤੇ ਹੰਭਲੇ ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਅੰਤਰਰਾਸ਼ਟਰੀ ਭਾਈਵਾਲੀ ਨੂੰ ਹੋਰ ਹੁਲਾਰਾ ਦੇਣ ਲਈ ਵਿਸ਼ਵ-ਵਿਆਪੀ ਪਹੁੰਚ ਜਾਰੀ ਰੱਖਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਰਥਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਅਤੇ ਲੋਕਾਂ ਦੇ ਆਪਸੀ ਸੰਪਰਕ ਨੂੰ ਉਤਸ਼ਾਹਿਤ ਕਰਨ ਲਈ ਹੰਭਲਾ ਜਾਰੀ ਹੈ।ਚੇਅਰਪਰਸਨ ਮਿਸ ਐਡਿਥ ਨੋਰਡਮੈਨ ਦੀ ਅਗਵਾਈ ਵਾਲੇ ਨੀਦਰਲੈਂਡਜ਼ ਇੰਡੀਆ ਚੈਂਬਰ ਆਫ਼ ਕਾਮਰਸ ਐਂਡ ਟਰੇਡ ਨਾਲ ਰਣਨੀਤਕ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡਜ਼ ਵਿਚਕਾਰ ਦੁਵੱਲੇ ਵਪਾਰਕ ਸੰਬੰਧਾਂ ਨੂੰ ਵਧਾਉਣ ਅਤੇ ਨਿਵੇਸ਼ ਪ੍ਰਵਾਹ ਨੂੰ ਉਤਸ਼ਾਹਤ ਕਰਨ ਦੀ ਵਕਾਲਤ ਕੀਤੀ।ਇਸ ਦੌਰਾਨ ਹੇਗ ਵਿੱਚ ਨਿਵੇਸ਼ ਰੋਡ ਸ਼ੋਅ ਦੌਰਾਨ ਮੁੱਖ ਮੰਤਰੀ ਨੇ ਇਸ ਪ੍ਰੋਗਰਾਮ ਵਿੱਚ ਸੂਬੇ ਦੀਆਂ ਉਦਯੋਗਿਕ ਸ਼ਕਤੀਆਂ ਅਤੇ ਉੱਭਰ ਰਹੇ ਮੌਕਿਆਂ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਨੀਦਰਲੈਂਡ ਦੇ ਉਦਯੋਗਪਤੀਆਂ, ਵਪਾਰਕ ਪ੍ਰਤੀਨਿਧੀਆਂ ਅਤੇ ਭਾਈਵਾਲਾਂ ਨੇ ਭਾਗ ਲਿਆ। ਭਗਵੰਤ ਸਿੰਘ ਮਾਨ ਨੇ ਵੈਲਯੂ ਐਡਿਡ ਨਿਰਮਾਣ, ਉਦਯੋਗਿਕ ਵਿਕਾਸ ਅਤੇ ਬਰਾਮਦ ਆਧਾਰਤ ਵਿਕਾਸ ਵੱਲ ਪੰਜਾਬ ਦੀ ਤਬਦੀਲੀ 'ਤੇ ਚਾਨਣਾ ਪਾਇਆ।ਮੁੱਖ ਮੰਤਰੀ ਨੇ ਇਕ ਭਾਈਚਾਰਕ ਪ੍ਰੋਗਰਾਮ ਦੌਰਾਨ ਪਰਵਾਸੀ ਪੰਜਾਬੀਆਂ ਨਾਲ ਗੱਲਬਾਤ ਕੀਤੀ, ਜਿਸ ਨਾਲ ਸੱਭਿਆਚਾਰਕ ਸੰਬੰਧਾਂ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਦੇ ਆਪਸੀ ਸੰਪਰਕ ਨੂੰ ਡੂੰਘਾ ਕਰਨ ਦਾ ਮੌਕਾ ਮਿਲਿਆ।

## ਮਹਾਨ ਬੋਵਲੈਂਡਰ ਤਰਾਸ਼ਣਗੇ ਪੰਜਾਬ ਦੇ ਹਾਕੀ ਖਿਡਾਰੀ



ਮੁੱਖ ਮੰਤਰੀ ਮਾਨ ਨੇ ਹਾਲੈਂਡ ਦੇ ਮਸ਼ਹੂਰ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਵਿੱਚ ਹਾਕੀ ਨੂੰ ਹੋਰ ਮਜ਼ਬੂਤ ਕਰਨ 'ਚ ਸਹਿਯੋਗ ਦਾ ਸੱਦਾ ਦਿੱਤਾ, ਜਿਹੜਾ ਬੋਵਲੈਂਡਰ ਨੇ ਖਿੜੇ ਮੱਥੇ ਸਵੀਕਾਰ ਕੀਤਾ।ਉਹ ਆਗਾਮੀ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਤੋਂ ਪਹਿਲਾਂ ਪੰਜਾਬ ਦੇ ਖਿਡਾਰੀਆਂ ਨਾਲ ਜੁੜਨਗੇ।

## ਜੰਗਬਾਜ਼ ਅਮਰੀਕਾ ਤੇ ਭਾਰਤੀ ਹਾਕਮਾਂ ਖ਼ਿਲਾਫ਼ ਲੋਕ ਲਹਿਰ ਉਸਾਰਨ ਦਾ ਪੈਗ਼ਾਮ

**ਜਲੰਧਰ** : ਸਾਡੇ ਮੁਲਕ ਦੀ ਆਜ਼ਾਦੀ ਲਈ ਐਸਟੋਰੀਆ (ਅਮਰੀਕਾ) ਦੀ ਧਰਤੀ 'ਤੇ ਗ਼ਠਤ ਹੋਈ 'ਹਿੰਦੀ ਐਸੋਸੀਏਸ਼ਨ ਆਫ਼ ਪੈਸੀਫ਼ਿਕ ਕੋਸਟ' ਨਾਂਅ ਦੀ ਇਨਕਲਾਬੀ ਜੱਥੇਬੰਦੀ, ਜੋ ਬਾਅਦ 'ਚ 'ਗ਼ਦਰ' ਅਖ਼ਬਾਰ ਦੀ ਮਕਬੂਲੀਅਤ ਉਪਰੰਤ 'ਗ਼ਦਰ ਪਾਰਟੀ' ਵਜੋਂ ਆਜ਼ਾਦੀ ਦੀ ਤਵਾਰੀਖ਼ 'ਚ ਸੂਰਜ ਬਣ ਚਮਕੀ, ਦੇ ਜਨਮ ਦਿਹਾੜੇ (21 ਅਪ੍ਰੈਲ 1913) ਮੌਕੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਸਥਾਪਨਾ ਦਿਵਸ ਸਮਾਗਮ ਕੀਤਾ ਗਿਆ।

ਇਸ ਸਮਾਗਮ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਹਾਲ ਦੇ ਪ੍ਰਮੁੱਖ ਦੁਆਰ ਉੱਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ (ਡਾ.) ਵੱਲੋਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਹੋਇਆ। 'ਸਾਮਰਾਜਵਾਦ ਮੁਰਦਾਬਾਦ!' 'ਇਨਕਲਾਬ-ਜ਼ਿੰਦਾਬਾਦ' ਦੇ ਨਾਅਰਿਆਂ ਅਤੇ ਤਾੜੀਆਂ ਦੀ ਗੂੰਜ ਵਿੱਚ ਇਹ ਅਹਿਦ ਕੀਤਾ ਗਿਆ ਕਿ ਗ਼ਦਰ ਪਾਰਟੀ • ਬਾਕੀ ਸਫਾ 2 'ਤੇ



## ਜਰਮਨੀ 'ਚ ਗੁਰਦੁਆਰੇ 'ਚ ਖ਼ੂਨੀ ਝੜਪ, 11 ਜ਼ਖ਼ਮੀ

**ਮੋਰਸ** : ਜਰਮਨੀ ਦੇ ਉੱਤਰੀ ਰਾਈਨ-ਵੈਸਟਫਾਲੀਆ ਦੇ ਮੋਰਸ ਸ਼ਹਿਰ ਵਿੱਚ ਸਥਿਤ ਗੁਰਦੁਆਰਾ ਸਿੰਘ ਸਭਾ ਵਿੱਚ 40 ਤੋਂ ਵੱਧ ਲੋਕਾਂ ਦਰਮਿਆਨ ਹੋਈ ਹਿੰਸਕ ਝੜਪ ਵਿੱਚ ਪੇਪਰ ਸਪਰੇਅ, ਚਾਕੂ, ਕਿਰਪਾਨਾਂ ਚੱਲੀਆਂ ਅਤੇ ਕਥਿਤ ਤੌਰ 'ਤੇ ਹਥਿਆਰਾਂ ਦੀ ਵਰਤੋਂ ਕੀਤੀ ਗਈ। ਇਸ ਘਟਨਾ ਵਿੱਚ 11 ਲੋਕ ਜ਼ਖ਼ਮੀ ਹੋਏ ਹਨ। ਚਸ਼ਮਦੀਦਾਂ ਨੇ ਦੱਸਿਆ ਕਿ ਝੜਪ ਗੁਰਦੁਆਰਾ ਸਾਹਿਬ ਦੇ ਵਿੱਤ ਅਤੇ ਪ੍ਰਬੰਧਨ ਨੂੰ ਲੈ ਕੇ ਹੋਏ ਵਿਵਾਦ ਕਾਰਨ ਹੋਈ, ਹਾਲਾਂਕਿ ਜਰਮਨ ਪੁਲਸ ਨੇ ਅਜੇ ਤੱਕ ਕਿਸੇ ਖਾਸ ਕਾਰਨ ਦੀ ਪੁਸ਼ਟੀ ਨਹੀਂ ਕੀਤੀ ਹੈ। ਮੰਨਿਆ ਜਾ ਰਿਹਾ ਹੈ ਕਿ ਹਿੰਸਾ ਗੁਰਦੁਆਰਾ ਕਮੇਟੀ ਦੇ ਕੰਟਰੋਲ, ਪ੍ਰਭਾਵ ਅਤੇ ਕਥਿਤ ਵਿੱਤੀ ਅਸਹਿਮਤੀ ਨੂੰ ਲੈ ਕੇ ਚੱਲ ਰਹੇ ਲੰਬੇ ਸਮੇਂ ਦੇ ਅੰਦਰੂਨੀ ਕਲੇਸ਼ ਨਾਲ ਜੁੜੀ ਹੋਈ ਹੈ। ਇੱਕ ਗਵਾਹ ਨੇ ਦੱਸਿਆ, "ਇਸ ਝਗੜੇ ਦਾ ਪਿਛੋਕੜ ਸਾਬਕਾ ਕਮੇਟੀ ਮੈਂਬਰਾਂ ਅਤੇ ਮੌਜੂਦਾ ਮੈਂਬਰਾਂ ਵਿਚਕਾਰ ਚੱਲ ਰਿਹਾ ਵਿਵਾਦ ਹੈ। ਇਸ ਵਿੱਚ ਭਾਈਚਾਰੇ ਦੇ ਪੈਸੇ ਦਾ ਮਾਮਲਾ ਵੀ ਸ਼ਾਮਲ ਹੈ।"

## 14 ਨੂੰ ਲੇਬਰ ਕਮਿਸ਼ਨਰ ਦੇ ਦਫਤਰ ਅੱਗੇ ਵਿਸ਼ਾਲ ਰੈਲੀ : ਬਰਾੜ, ਧਾਲੀਵਾਲ



**ਪਟਿਆਲਾ** : ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਦੱਸਿਆ ਹੈ ਕਿ ਪੰਜਾਬ ਏਟਕ ਵੱਲੋਂ 14 ਮਈ ਨੂੰ ਮੁਹਾਲੀ ਵਿਖੇ ਲੇਬਰ ਕਮਿਸ਼ਨਰ ਦੇ ਦਫਤਰ ਕਿਰਤ ਭਵਨ ਦੇ ਸਾਹਮਣੇ ਘੱਟੋ-ਘੱਟ ਉਜਰਤਾਂ 26000 ਰੁਪਏ ਕਰਨ ਦੀ ਮੰਗ ਨੂੰ ਲੈ ਕੇ ਵਿਸ਼ਾਲ ਰੈਲੀ ਕੀਤੀ ਜਾਵੇਗੀ। ਸਮੁੱਚੇ ਪੰਜਾਬ ਦੇ ਕਿਰਤੀਆਂ ਵਿੱਚ ਪੰਜਾਬ ਸਰਕਾਰ ਵਿਰੁੱਧ ਪਿਛਲੇ 12 ਸਾਲਾਂ ਤੋਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਨਾ ਕੀਤੇ ਜਾਣ ਕਾਰਨ ਜ਼ਬਰਦਸਤ ਗੁੱਸੇ ਦੀ ਲਹਿਰ ਹੈ ਅਤੇ ਕਿਰਤੀ ਸਮਝਦੇ ਹਨ ਕਿ ਪੰਜਾਬ ਸਰਕਾਰ ਅਤੇ ਖੁਦ ਸਨਅਤਕਾਰ ਕਿਰਤ ਮੰਤਰੀ ਕਾਰਪੋਰੇਟਾਂ ਦੇ ਦਬਾਅ ਥੱਲੇ ਕਿਰਤੀਆਂ ਦਾ ਗਲਾ ਘੁੱਟ ਰਹੇ ਹਨ ਅਤੇ ਉਨ੍ਹਾਂ ਨੂੰ ਇਸ ਬੇਤਹਾਸ਼ਾ ਮਹਿੰਗਾਈ ਦੇ ਦੌਰ ਵਿੱਚ 12 ਸਾਲ ਪਹਿਲਾਂ ਵਾਲੀ ਤਨਖਾਹ 'ਤੇ ਗੁਜ਼ਾਰਾ ਕਰਨ ਲਈ ਅਤੇ ਗੁਰਬਤ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਰਹੇ ਹਨ। ਇੱਥੋਂ ਤੱਕ ਕਿ ਅੰਕੜਿਆਂ ਦੇ ਨੁਕਸਦਾਰ ਤਰੀਕੇ ਅਨੁਸਾਰ ਮਹਿੰਗਾਈ ਭੱਤੇ ਦਾ ਮਾਮੂਲੀ ਵਾਧਾ ਵੀ ਸਮੇਂ ਸਿਰ ਜਾਰੀ ਨਹੀਂ ਕੀਤਾ ਜਾਂਦਾ।

ਏਟਕ ਆਗੂਆਂ ਨੇ ਕਿਹਾ ਕਿ ਰੈਲੀ ਵਿੱਚ ਜਿਹੜੇ ਕਿਰਤੀਆਂ ਦੇ ਹੋਰ ਮੁੱਦੇ ਚੁੱਕੇ ਜਾਣਗੇ, ਉਨ੍ਹਾਂ ਵਿੱਚ ਪੰਜਾਬ ਵਿੱਚ ਕੇਂਦਰ ਵੱਲੋਂ ਬਣਾਏ ਚਾਰ ਲੇਬਰ ਕੋਡਜ਼ • ਬਾਕੀ ਸਫਾ 2 'ਤੇ



## ਪੀ.ਡਬਲਯੂ.ਡੀ. ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਵੱਲੋਂ ਰੋਸ ਧਰਨਾ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਪੀ.ਡਬਲਯੂ.ਡੀ. ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੀ ਬ੍ਰਾਂਚ ਜਲਾਲਾਬਾਦ ਵੱਲੋਂ ਬ੍ਰਾਂਚ ਪ੍ਰਧਾਨ ਪਰਮਜੀਤ ਸਿੰਘ ਸੋਹਣਾ ਸਾਂਦੜ ਦੀ ਅਗਵਾਈ ਹੇਠ ਜਲ ਸਪਲਾਈ ਤੇ ਸੈਨੀਟੇਸ਼ਨ ਉਪ ਮੰਡਲ ਦਫਤਰ ਗੁੰਮਾਨੀਵਾਲਾ (ਜਲਾਲਾਬਾਦ) ਵਿਖੇ ਉੱਪ-ਮੰਡਲ ਅਧਿਕਾਰੀ ਖਿਲਾਫ ਧਰਨਾ ਦਿੱਤਾ ਗਿਆ ਤੇ ਆਪਣੀਆਂ ਮੰਗਾਂ ਸਬੰਧੀ ਕਰਮਚਾਰੀਆਂ ਨੇ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਧਰਨੇ ਵਿੱਚ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਭੁੱਲਰ ਵਿਸ਼ੇਸ਼ ਤੌਰ 'ਤੇ ਪੁੱਜੇ।ਇਸ ਮੌਕੇ ਬ੍ਰਾਂਚ ਪ੍ਰਧਾਨ ਪਰਮਜੀਤ ਸਿੰਘ ਸੋਹਣਾ ਸਾਂਦੜ, ਬ੍ਰਾਂਚ ਸਕੱਤਰ ਤੇ ਸੂਬਾਈ ਆਗੂ ਛੁੰਮਣ ਸਿੰਘ ਕਾਠਗੜ੍ਹ ਨੇ ਸੰਬੋਧਤ ਕਰਦਿਆਂ ਕਿਹਾ ਕਿ ਐੱਸ.ਡੀ.ਓ. ਨੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਗਈ ਹੈ ਤੇ ਮੌਕੇ 'ਤੇ ਕੁਝ ਮੰਗਾਂ ਦਾ ਹੱਲ ਕਰ ਦਿੱਤਾ ਤੇ ਕੁਝ ਮੰਗਾਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।ਇਸ ਮੌਕੇ ਜਥੇਬੰਦੀ ਦੇ ਚੇਅਰਮੈਨ ਭੁਪਿੰਦਰ ਕੁਮਾਰ, ਮੁੱਖ ਸਲਾਹਕਾਰ ਬਲਦੇਵ ਰਾਜ, ਹਰਵੇਲ ਸਿੰਘ, ਬੰਤਾ ਸਿੰਘ, ਅੱਤਰ ਸਿੰਘ, ਬਹਾਦਰ ਸਿੰਘ, ਕਰਤਾਰ ਰਾਏ, ਰਾਜ ਕੁਮਾਰ, ਸੁਖਚੈਨ ਸਿੰਘ ਸੋਢੀ, ਫਾਜ਼ਿਲਕਾ ਬ੍ਰਾਂਚ ਪ੍ਰਧਾਨ ਜੈ ਚੰਦ, ਰਾਜ ਸਿੰਘ, ਪ੍ਰਤਾਪ ਸਿੰਘ, ਸੁਖਦੇਵ ਸਿੰਘ ਤੇ ਹੋਰ ਸਾਥੀ ਹਾਜ਼ਰ ਸਨ।

## ਗੁੜ ਮੰਡੀ 'ਚ ਹੋਈ ਗੁੰਡਾਗਰਦੀ 'ਜੰਗਲ ਰਾਜ' ਦਾ ਪ੍ਰਤੀਕ : ਪ੍ਰਨੀਤ ਕੌਰ

### ਪੀੜਤ ਦੁਕਾਨਦਾਰਾਂ ਨਾਲ ਕੀਤੀ ਮੁਲਾਕਾਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਗੁੜ ਮੰਡੀ ਇਲਾਕੇ ਵਿੱਚ ਬੀਤੇ ਦਿਨੀਂ ਹੋਈ ਸ਼ਰੇਆਮ ਗੁੰਡਾਗਰਦੀ ਤੇ ਕਾਨੂੰਨ ਦੀਆਂ ਉੱਡਦੀਆਂ ਧੱਜੀਆਂ ਨੂੰ ਲੈ ਕੇ ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ।ਉਨ੍ਹਾਂ ਪੀੜਤ ਦੁਕਾਨਦਾਰਾਂ ਅਨੀਸ਼ ਮੰਗਲਾ, ਗੌਤਮ ਜੈਨ, ਰਾਜੀਵ ਗੋਇਲ, ਹਰਿੰਦਰ ਕੁਮਾਰ ਤੇ ਭਾਰਤ ਭੂਸ਼ਣ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ ਜਾਣਿਆ ਤੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰਨੀਤ ਕੌਰ ਨੇ ਕਿਹਾ ਕਿ ਇਹ ਬੇਹੱਦ ਚਿੰਤਾਜਨਕ ਤੇ ਦੁਖਦਾਈ ਹੈ ਕਿ ਪੁਲਸ ਥਾਣੇ ਦੇ ਬਿਲਕੁਲ ਨੇੜੇ 40-50 ਹਥਿਆਰਬੰਦ ਵਿਅਕਤੀਆਂ ਵੱਲੋਂ ਦਹਿਸ਼ਤ ਫੈਲਾਈ ਗਈ।ਉਨ੍ਹਾਂ ਕਿਹਾ ਕਿ ਜਦੋਂ ਨਿਰਦੋਸ਼ ਨਾਗਰਿਕ ਅਚਾਨਕ ਇੰਨੀ ਵੱਡੀ ਗਿਣਤੀ ਵਿੱਚ ਹਥਿਆਰਬੰਦ ਲੋਕਾਂ ਨੂੰ ਦੇਖਦੇ ਹਨ, ਤਾਂ ਉਹ ਸਹਿਮ ਜਾਂਦੇ ਹਨ।ਦੁਕਾਨਾਂ ਦੇ ਤਾਲੇ ਤੋੜਨਾ, ਭੰਨ-ਤੋੜ ਕਰਨੀ ਤੇ ਜਬਰੀ ਪੈਸੇ ਖੋਹਣਾ ਸਿੱਧੇ ਤੌਰ 'ਤੇ ਸੂਬੇ ਵਿੱਚ ਜੰਗਲ ਰਾਜ ਹੋਣ ਦਾ ਪ੍ਰਮਾਣ ਹੈ।ਪ੍ਰਨੀਤ ਕੌਰ ਨੇ ਪੁਲਸ ਪ੍ਰਸ਼ਾਸਨ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਪੀੜਤ ਲੋਕ ਕਈ ਘੰਟਿਆਂ ਤੱਕ ਥਾਣੇ ਦੇ ਬਾਹਰ ਇਨਸਾਫ਼ ਲਈ ਖੜ੍ਹੇ ਰਹੇ, ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ।ਪੁਲਸ ਦੀ ਅਜਿਹੀ ਨਾਕਾਮੀ ਹੀ ਅਪਰਾਧੀਆਂ ਦੇ ਹੌਸਲੇ ਬੁਲੰਦ ਕਰ ਰਹੀ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਮਕਸਦ ਕਿਸੇ ਨਿੱਜੀ ਝਗੜੇ ਜਾਂ ਕਿਰਾਏ ਦੇ ਮਸਲੇ ਵਿੱਚ ਪੈਣਾ ਨਹੀਂ, ਬਲਕਿ ਸ਼ਹਿਰ ਵਿੱਚ ਕਾਨੂੰਨ ਵਿਵਸਥਾ ਨੂੰ ਬਹਾਲ ਰੱਖਣਾ ਤੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ।ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪ੍ਰਨੀਤ ਕੌਰ ਨੇ ਐੱਸ.ਐੱਸ.ਪੀ. ਵਰੁਣ ਸ਼ਰਮਾ ਨਾਲ ਵੀ ਗੱਲਬਾਤ ਕੀਤੀ।


## ਗੁਰੂ ਗੋਬਿੰਦ ਸਿੰਘ ਰਿਫਾਈਨਰੀ ਵੱਲੋਂ ਵਿਸ਼ਵ ਸਿਹਤ ਦਿਵਸ ਮੌਕੇ ਜਾਗਰੂਕਤਾ ਮੁਹਿੰਮ

### 59 ਪਿੰਡਾਂ 'ਚ 90 ਸਿਹਤ ਕੈਂਪ ਤੇ 6036 ਮਰੀਜ਼ਾਂ ਨੂੰ ਮਿਲੀਆਂ ਸਿਹਤ ਸੇਵਾਵਾਂ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਵਿਸ਼ਵ ਸਿਹਤ ਦਿਵਸ ਮੌਕੇ ਐੱਚਪੀਸੀਐੱਲ-ਮਿੱਤਲ ਐਨਰਜੀ ਲਿਮਟਡ (ਐੱਚਐੱਮਈਐੱਲ) ਦੀ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਨੇ ਸਮੁਦਾਇਕ ਸਿਹਤ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ ਪਿੰਡਾਂ ਵਿੱਚ ਗੈਰ-ਸੰਚਾਰੀ ਬਿਮਾਰੀਆਂ (ਐੱਨਸੀਡੀ) 'ਤੇ ਕੇਂਦ੍ਰਿਤ ਇੱਕ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ।ਇਸ ਮੁਹਿੰਮ ਅਧੀਨ ਸ਼ੂਗਰ 'ਤੇ ਖਾਸ ਧਿਆਨ ਦਿੱਤਾ ਗਿਆ ਤੇ ਮੋਬਾਈਲ ਮੈਡੀਕਲ ਯੂਨਿਟ (ਐੱਮਐੱਮਯੂ) ਟੀਮਾਂ ਵੱਲੋਂ ਸੇਖੂ ਤੇ ਤਰਖਾਣਵਾਲਾ ਸਮੇਤ ਵੱਖ-ਵੱਖ ਪਿੰਡਾਂ ਵਿੱਚ ਸਿਹਤ ਕੈਂਪ ਲਗਾਏ ਗਏ, ਜਿਸ ਨਾਲ ਦੂਰ-ਦਰਾਜ਼ ਤੇ ਵੰਚਿਤ ਵਰਗਾਂ ਤੱਕ ਜ਼ਰੂਰੀ ਸਿਹਤ ਸੇਵਾਵਾਂ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਈਆਂ ਗਈਆਂ।ਐੱਚਐੱਮਈਐੱਲ ਦੀ ਇਹ ਪਹਿਲ ਰਵਾਇਤੀ ਇਲਾਜ ਮਾਡਲ ਤੋਂ ਅੱਗੇ ਵਧਦਿਆਂ ਰੋਕਥਾਮੀ ਸਿਹਤ ਸੇਵਾਵਾਂ ਨੂੰ ਪ੍ਰੋਤਸਾਹਤ ਕਰਨ ਵੱਲ ਇਕ ਮਹੱਤਵਪੂਰਨ ਕਦਮ ਹੈ।ਇਸ ਤਹਿਤ ਲੋਕਾਂ ਨੂੰ ਬਿਮਾਰੀਆਂ ਬਾਰੇ ਜਾਗਰੂਕ ਕਰਕੇ ਸਮੇਂ ਸਿਰ ਉਨ੍ਹਾਂ ਦੀ ਰੋਕਥਾਮ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਐੱਚਐੱਮਈਐੱਲ ਦੀ ਮੋਬਾਈਲ ਮੈਡੀਕਲ ਯੂਨਿਟ ਪਹਿਲ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼) ਬਠਿੰਡਾ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਹੈ, ਜਿਸ ਦਾ ਮਕਸਦ ਆਸ-ਪਾਸ ਦੇ ਪਿੰਡਾਂ ਵਿੱਚ ਗੁਣਵੱਤਾ ਭਰੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ।ਇਸ ਪਹਿਲ ਅਧੀਨ ਘੱਟ ਸਮੇਂ ਵਿੱਚ ਹੀ ਐੱਮਐੱਮਯੂ ਟੀਮਾਂ ਨੇ ਉਲੇਖਣਯੋਗ ਪ੍ਰਾਪਤੀ ਹਾਸਲ ਕਰਦੇ ਹੋਏ 59 ਪਿੰਡਾਂ ਵਿੱਚ ਕੁੱਲ 90 ਸਿਹਤ ਕੈਂਪ ਆਯੋਜਿਤ ਕੀਤੇ, ਜਿਨ੍ਹਾਂ ਰਾਹੀਂ 6,036 ਮਰੀਜ਼ਾਂ ਨੂੰ ਸਿਹਤ ਸੇਵਾਵਾਂ ਦਿੱਤੀਆਂ ਗਈਆਂ। ਇਹ ਪ੍ਰਾਪਤੀ ਐੱਚਐੱਮਈਐੱਲ ਦੀ ਮਜ਼ਬੂਤ ਜ਼ਮੀਨੀ ਪਹੁੰਚ ਤੇ ਪਿੰਡਾਂ 'ਚ ਸਿਹਤ ਸੇਵਾਵਾਂ ਦੀ ਉਪਲਬਧਤਾ ਯਕੀਨੀ ਬਣਾਉਣ ਵਾਲੀ ਸੁਚਿੰਤਤ ਤੇ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨੂੰ ਦਰਸਾਉਂਦੀ ਹੈ।

## ਕਾਂਗਰਸ ਦੇ ਆਗੂਆਂ 'ਤੇ ਦਰਜ ਕੀਤੇ ਝੂਠੇ ਪਰਚੇ ਰੱਦ ਕਰਾ ਕੇ ਰਹਾਂਗੇ : ਆਗੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਹਲਕਾ ਕਾਂਗਰਸ ਪਾਰਟੀ ਦੀ ਹੰਗਾਮੀ ਮੀਟਿੰਗ ਬਲਾਕ ਪ੍ਰਧਾਨ ਪਰਮਿੰਦਰ ਸ਼ੰਮੀ ਠੁੱਲੀਵਾਲ ਦੀ ਅਗਵਾਈ ਹੇਠ ਹੋਈ।ਮੀਟਿੰਗ ਉਪਰੰਤ ਆਗੂਆਂ ਨੇ ਸੱਤਾਧਾਰੀ ਧਿਰ 'ਤੇ ਕਾਂਗਰਸ ਆਗੂਆਂ ਨਾਲ ਧੱਕੇਸ਼ਾਹੀ ਕਰਨ ਦੇ ਗੰਭੀਰ ਦੋਸ਼ ਲਾਏ।ਇਸ ਮੌਕੇ ਸੀਨੀਅਰ ਆਗੂ ਬੰਨੀ ਖਹਿਰਾ, ਕਾਂਗਰਸ ਐਸ ਸੀ ਵਿਭਾਗ ਦੇ ਜ਼ਿਲ੍ਹਾ ਚੇਅਰਮੈਨ ਜਸਮੇਲ ਸਿੰਘ ਡੇਅਰੀਵਾਲਾ, ਕਿਸਾਨ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਆੜ੍ਹਤੀਆ ਨੇ ਕਾਂਗਰਸ ਆਗੂਆਂ ਉਪਰ ਝੂਠੇ ਕੇਸ ਦਰਜ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਔਰਤਾਂ ਨੂੰ ਹਰ ਮਹੀਨੇ ਇੱਕ ਹਜ਼ਾਰ ਰੁਪਏ ਦੇਣ ਦੇ ਕੀਤੇ ਵਾਅਦੇ ਨੂੰ ਪੂਰਾ ਕਰਾਉਣ ਲਈ ਪੰਜਾਬ ਪ੍ਰਦੇਸ਼ ਕਾਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਧਾਨ, ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਅਗਵਾਈ ਹੇਠ ਬਰਨਾਲਾ ਵਿੱਚ ਸ਼ਾਂਤਮਈ ਧਰਨਾ ਦਿੱਤਾ ਗਿਆ ਸੀ।ਆਗੂਆਂ ਨੇ ਦੱਸਿਆ ਕਿ ਧਰਨੇ ਦੌਰਾਨ ਕਾਂਗਰਸ ਆਗੂਆਂ ਅਤੇ ਵਰਕਰਾਂ ਵੱਲੋਂ ਪੰਜਾਬ ਸਰਕਾਰ ਦੀ ਵਾਅਦਾ ਖ਼ਿਲਾਫ਼ੀ ਖ਼ਿਲਾਫ਼ ਰੋਸ ਪ੍ਰਗਟ ਕੀਤਾ ਗਿਆ ਸੀ, ਪਰ ਬਾਅਦ 'ਚ ਪੁਲਸ ਅਧਿਕਾਰੀਆਂ ਵੱਲੋਂ ਬਿਆਨ ਦਰਜ ਕਰਕੇ ਸਿਆਸੀ ਸ਼ਹਿ ਉਪਰ ਦੋ ਦਰਜਨ ਤੋਂ ਵੱਧ ਕਾਂਗਰਸੀ ਆਗੂਆਂ ਅਤੇ ਔਰਤਾਂ ਖ਼ਿਲਾਫ਼ ਪਰਚੇ ਦਰਜ ਕਰ ਦਿੱਤੇ ਗਏ।ਆਗੂਆਂ ਨੇ ਸ਼ਪੱਸ਼ਟ ਕਿਹਾ ਕਿ ਜੇ ਪਰਚੇ ਰੱਦ ਨਾ ਕੀਤੇ ਗਏ ਤਾਂ ਜ਼ਿਲ੍ਹਾ ਲੀਡਰਸ਼ਿਪ ਦੀ ਅਗਵਾਈ ਹੇਠ ਤਿੱਖੇ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ।ਆਗੂਆਂ ਨੇ ਕਿਹਾ ਕਿ ਝੂਠੇ ਪਰਚੇ ਦਰਜ ਕਰਕੇ ਸਰਕਾਰ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦਾ ਭਰਮ ਪਾਲ ਰਹੀ ਹੈ, ਪਰ ਇਸ ਧੱਕੇਸ਼ਾਹੀ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਪੂਨੀਆਂ ਨੇ ਮੁੱਖ ਮੰਤਰੀ ਸੈਣੀ ਨਾਲ ਕੀਤੀ ਮੁਲਾਕਾਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਜਪਾ ਦੇ ਸੀਨੀਅਰ ਆਗੂ ਸਤਪਾਲ ਪੂਨੀਆਂ ਨੇ ਆਪਣੇ ਸਾਥੀਆਂ ਸਮੇਤ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰਦੇ ਹੋਏ ਰਾਜਨੀਤੀ ਦੇ ਅਹਿਮ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ। ਪੂਨੀਆਂ ਨੇ ਕਿਹਾ ਕਿ ਮੁੱਖ ਮੰਤਰੀ ਸੈਣੀ ਵੱਲੋਂ ਉਨ੍ਹਾਂ ਨੂੰ ਵਿਧਾਨ ਸਭਾ ਹਲਕਾ ਸਨੌਰ ਤੋਂ ਭਾਜਪਾ ਨੂੰ ਪਿੰਡ ਪੱਧਰ 'ਤੇ ਮਜ਼ਬੂਤ ਕਰਨ ਤੇ ਆਪਣੀਆਂ ਰਾਜਸੀ ਗਤੀਵਿਧੀਆਂ ਨੂੰ ਤੇਜ਼ ਕਰਨ ਲਈ ਥਾਪੜਾ ਤੇ ਅਸ਼ੀਰਵਾਦ ਦਿੱਤਾ ਤਾਂ ਜੋ 2027 ਚੋਣਾਂ ਦੌਰਾਨ ਵਿੱਚ ਸ਼ਾਨਦਾਰ ਜਿੱਤ ਦਿਵਾਈ ਜਾਵੇ। ਇਸ ਮੌਕੇ ਪੂਨੀਆਂ ਨੇ ਮੰਡੀਆਂ ਵਿੱਚ ਕਿਸਾਨਾਂ ਦੀਆਂ ਫਸਲਾਂ ਦੀ ਹੋ ਰਹੀ ਬੇਕਦਰੀ ਅਤੇ ਖਰੀਦ ਤੇ ਲਿਫਟਿੰਗ ਦੇ ਪ੍ਰਬੰਧ ਠੀਕ ਨਾ ਹੋਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ, ਜਿਸ ਕਾਰਨ ਕਿਸਾਨਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਖਰੀਦ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇ ਤੇ ਮੰਡੀ ਵਿੱਚ ਲੋੜੀਂਦੀਆਂ ਸਹੂਲਤਾਂ ਦੀ ਵਿਵਸਥਾ ਯਕੀਨੀ ਬਣਾਈ ਜਾਵੇ।ਇਸ ਮੌਕੇ ਉਨ੍ਹਾਂ ਨਾਲ ਕਈ ਸਥਾਨਕ ਆਗੂ ਤੇ ਵਰਕਰ ਵੀ ਮੌਜੂਦ ਸਨ, ਜਿਨ੍ਹਾਂ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿੱਤਾ।

## ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੀ ਮਹੀਨਾਵਾਰ ਮੀਟਿੰਗ

**ਰਾਜਪੁਰਾ (ਰਮੇਸ਼ ਕਟਾਰੀਆ)**-ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੀ ਮਹੀਨਾਵਾਰ ਮੀਟਿੰਗ ਭੁਪਿੰਦਰ ਸਿੰਘ ਸ਼ੰਕਰਪੁਰ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਵਿਖੇ ਹੋਈ, ਜਿਸ ਵਿੱਚ ਜਥੇਬੰਦੀ ਦੇ ਪ੍ਰਧਾਨ ਤੇ ਐੱਸਕੇਐੱਮ ਦੇ ਆਗੂ ਬੂਟਾ ਸਿੰਘ ਸ਼ਾਦੀਪੁਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਜੋ ਕੇਂਦਰ ਸਰਕਾਰ ਵੱਲੋਂ ਬੀਬੀਐੱਮਬੀ ਵਿੱਚੋਂ ਪੰਜਾਬ ਦੀ ਹਿੱਸੇਦਾਰੀ ਖਤਮ ਕੀਤੀ ਗਈ, ਉਸ ਦੇ ਸੰਬੰਧ ਵਿੱਚ ਐੱਸਕੇਐੱਮ ਦੇ ਫੈਸਲੇ ਅਨੁਸਾਰ 24 ਅਪ੍ਰੈਲ ਨੂੰ ਗਵਰਨਰ ਪੰਜਾਬ ਗੁਲਾਬ ਚੰਦ ਕਟਾਰੀਆ ਨੂੰ ਮੰਗ ਪੱਤਰ ਦਿੱਤਾ ਜਾਵੇਗਾ।ਮੀਟਿੰਗ ਵਿੱਚ ਜਥੇਬੰਦੀ ਵੱਲੋਂ ਮਹਿਸੂਸ ਕੀਤਾ ਗਿਆ ਕਿ ਮੌਸਮ ਦੀ ਖਰਾਬੀ ਦੇ ਕਾਰਨ ਕਣਕਾਂ ਦੇ ਝਾੜ ਵਿੱਚ ਬਹੁਤ ਵੱਡੀ ਕਮੀ ਆਈ ਤੇ ਕਿਸਾਨਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਤੇ ਅੱਜ ਦੀ ਮੀਟਿੰਗ ਨੇ ਫੈਸਲਾ ਕੀਤਾ ਘੱਟੋ ਘੱਟ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਰਲ ਕੇ 200 ਰੁਪਿਆ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬੋਨਸ ਦੇਵੇ। ਜਥੇਬੰਦੀ ਦਾ ਇੱਕ ਵਫਦ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਮਿਲਿਆ ਤੇ ਮੰਡੀਆਂ ਦੀ ਸਥਿਤੀ ਤੋਂ ਜਾਣੂ ਕਰਵਾਇਆ ਤੇ ਜੋ ਲਿਫਟਿੰਗ ਦਾ ਕੰਮ ਮੰਡੀਆਂ ਦੇ ਅੰਦਰ ਢਿੱਲੀ ਰਫਤਾਰ ਨਾਲ ਚੱਲ ਰਿਹਾ ਹੈ, ਉਹਦੇ ਬਾਰੇ ਵੀ ਜਾਣਕਾਰੀ ਦਿੱਤੀ। ਮੀਟਿੰਗ ਵਿੱਚ ਜਥੇਬੰਦੀ ਦੇ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ, ਕੈਪਟਨ ਮੇਜਰ ਸਿੰਘ, ਭੁਪਿੰਦਰ ਸਿੰਘ ਸ਼ੰਕਰਪੁਰ, ਹਾਕਮ ਸਿੰਘ ਬੂਹੀ, ਗੁਰਮੇਸ਼ ਸਿੰਘ, ਅਲੀਪੁਰ ਸਿੰਘ, ਨਿਸ਼ਾਨ ਸਿੰਘ ਪਿਲਖਣੀ, ਗੁਰਪ੍ਰੀਤ ਸਿੰਘ, ਜਸਪਾਲ ਸਿੰਘ ਡਡੋਆ, ਸ਼ਾਮ ਸਿੰਘ ਕਟਾਰੀਆ, ਹੈਪੀ ਮਰਦਾਂਪੁਰ, ਬਲਵੀਰ ਸਿੰਘ ਤੇ ਹੋਰ ਆਗੂ ਹਾਜ਼ਰ ਸਨ।

# ਪੰਜਾਬੀ 'ਵਰਸਿਟੀ ਵਿਖੇ ਅਲੂਮਨੀ ਐਸੋਸੀਏਸ਼ਨ ਦੀ ਵਿਸ਼ੇਸ਼ ਇਕੱਤਰਤਾ

- ਪੁਰਾਣੇ ਵਿਦਿਆਰਥੀ ਹੁੰਦੇ ਹਨ ਸੰਸਥਾ ਦਾ ਮਾਣ : ਡਾ. ਜਗਦੀਪ ਸਿੰਘ
- ਯੂਨੀਵਰਸਿਟੀ ਦੇ ਰੰਗਮੰਚ ਨੇ ਹੀ ਅਦਾਕਾਰੀ ਦੀਆਂ ਬਾਰੀਕੀਆਂ ਸਿਖਾਈਆਂ : ਬਿੰਨੂ ਢਿੱਲੋਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿਖੇ ਅਲੂਮਨੀ ਐਸੋਸੀਏਸ਼ਨ ਵੱਲੋਂ ਵਿਸ਼ੇਸ਼ ਇਕੱਤਰਤਾ ਕਰਵਾਈ ਗਈ।ਇਸ ਮੌਕੇ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਤੇ ਪੰਜਾਬੀ ਫਿਲਮ ਇੰਡਸਟਰੀ ਦੇ ਉੱਘੇ ਅਦਾਕਾਰ ਬਿੰਨੂ ਢਿੱਲੋਂ ਤੇ ਨਵਦੀਪ ਕਲੇਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਅਲੂਮਨੀ ਐਸੋਸੀਏਸ਼ਨ ਕਿਸੇ ਵੀ ਸੰਸਥਾ ਦਾ ਸਰਮਾਇਆ ਤੇ ਰੀੜ੍ਹ ਦੀ ਹੱਡੀ ਹੁੰਦੀ ਹੈ।ਪੁਰਾਣੇ ਵਿਦਿਆਰਥੀ ਨਾ ਸਿਰਫ਼ ਸੰਸਥਾ ਦਾ ਮਾਣ ਵਧਾਉਂਦੇ ਹਨ, ਸਗੋਂ ਮੌਜੂਦਾ ਵਿਦਿਆਰਥੀਆਂ ਲਈ ਮਾਰਗਦਰਸ਼ਕ ਵਜੋਂ ਵੀ ਕੰਮ ਕਰਦੇ ਹਨ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੂੰ ਆਪਣੇ ਉਨ੍ਹਾਂ ਹੀਰਿਆਂ 'ਤੇ ਮਾਣ ਹੈ, ਜੋ ਅੱਜ ਦੁਨੀਆ ਭਰ ਵਿੱਚ ਵੱਖ-ਵੱਖ ਖੇਤਰਾਂ ਵਿੱਚ ਨਾਮ ਰੌਸ਼ਨ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਆਪਣੇ ਇਨ੍ਹਾਂ ਹੀਰਿਆਂ ਨੂੰ ਆਪਣੇ ਨਾਲ਼ ਜੋੜਨ ਵਿੱਚ ਮਾਣ ਮਹਿਸੂਸ ਕਰਦੀ ਹੈ।ਅਦਾਕਾਰ ਬਿੰਨੂ ਢਿੱਲੋਂ ਨੇ ਆਪਣੇ ਵਿਦਿਆਰਥੀ ਜੀਵਨ ਦੇ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਇਸੇ ਯੂਨੀਵਰਸਿਟੀ ਦੇ ਰੰਗਮੰਚ ਨੇ ਉਨ੍ਹਾਂ ਨੂੰ ਅਦਾਕਾਰੀ ਦੀਆਂ ਬਾਰੀਕੀਆਂ ਸਿਖਾਈਆਂ।ਉਨ੍ਹਾਂ ਪੰਜਾਬੀ ਯੂਨੀਵਰਸਿਟੀ ਨੂੰ ਆਪਣੀ ਮਾਂ ਸੰਸਥਾ ਆਖਦਿਆਂ ਇਸ ਨਾਲ਼ ਜੁੜੀਆ ਆਪਣੀਆਂ ਭਾਵਨਾਤਮਕ ਯਾਦਾਂ ਸਾਂਝੀਆਂ ਕੀਤੀਆਂ।ਇਸ ਇਕੱਤਰਤਾ ਦਾ ਮੁੱਖ ਮਕਸਦ ਸਾਬਕਾ ਵਿਦਿਆਰਥੀਆਂ ਨੂੰ ਮੁੜ ਆਪਣੀਆਂ ਜੜ੍ਹਾਂ ਨਾਲ ਜੋੜਨਾ ਤੇ ਯੂਨੀਵਰਸਿਟੀ ਦੇ ਵਿਕਾਸ ਵਿੱਚ ਉਨ੍ਹਾਂ ਦਾ ਸਹਿਯੋਗ ਲੈਣਾ ਸੀ। ਸਮਾਗਮ ਦੇ ਅੰਤ ਵਿੱਚ ਯੂਨੀਵਰਸਿਟੀ ਵੱਲੋਂ ਦੋਵਾਂ ਕਲਾਕਾਰਾਂ ਨੂੰ ਉਨ੍ਹਾਂ ਦੀਆਂ ਕਲਾਤਮਕ ਪ੍ਰਾਪਤੀਆਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਖ਼ੂਨਦਾਨ ਕੈਂਪ 'ਚ ਸੌ ਯੂਨਿਟ ਖ਼ੂਨ ਇਕੱਠਾ ਹੋਇਆ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ) ਅਯੋਧਿਆ ਭਵਨ ਸ਼੍ਰੀ ਬਾਲਾ ਜੀ ਮੰਦਰ ਵਿੱਚ ਖੂਨਦਾਨ ਕੈਂਪ ਲਾਇਆ ਗਿਆ। ਇਸ ਮੌਕੇ ਰੋਟਰੀ ਕਲੱਬ ਦੇ ਗਵਰਨਰ ਭੂਪੇਸ਼ ਮਹਿਤਾ, ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ (ਵਿੱਕੀ) ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਸ਼੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਦੇ ਮੈਂਬਰ ਗੌਰਵ ਜਨਾਲੀਆ ਨੇ ਕਿਹਾ ਕਿ ਮੈਗਾ ਖ਼ੂਨਦਾਨ ਕੈਂਪ ਵਿੱਚ ਲੋਕਾਂ ਦਾ ਬਹੁਤ ਉਤਸ਼ਾਹ ਦਿਸ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਹ ਕੈਂਪ ਕਸ਼ਮੀਰੀ ਹਸਪਤਾਲ ਬਲੱਡ ਸੈਂਟਰ ਦੀ ਟੀਮ ਦੀ ਨਿਗਰਾਨੀ ਹੇਠ ਲਾਇਆ ਗਿਆ ਹੈ।ਰੋਟਰੀ ਕਲੱਬ ਦੇ ਗਵਰਨਰ ਭੂਪੇਸ਼ ਮਹਿਤਾ ਨੇ ਕਿਹਾ ਕਿ ਰੋਟਰੀ ਕਲੱਬ ਵੱਲੋਂ ਲਗਾਤਾਰ ਸਮਾਜ ਭਲਾਈ ਦੇ ਕੰਮ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚ ਪੋਲੀਓ ਸਬੰਧੀ ਕੀਤੇ ਗਏ ਕਾਰਜ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ।ਰੋਟਰੀ ਕਲੱਬ ਸਟਾਰ ਦੇ ਪ੍ਰਧਾਨ ਦੀਪਕ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਦਾ ਟੀਚਾ ਕੈਂਪ ਵਿੱਚ ਘੱਟੋ-ਘੱਟ 100 ਯੂਨਿਟ ਖ਼ੂਨ ਇਕੱਠਾ ਕਰਨਾ ਸੀ, ਜੋ ਸਫ਼ਲਤਾਪੂਰਵਕ ਪੂਰਾ ਹੋ ਗਿਆ ਹੈ।ਡਾ. ਅਵਤਾਰ ਸਿੰਘ ਨੇ ਦੱਸਿਆ ਕਿ ਕੈਂਪ ਵਿੱਚ 101 ਯੂਨਿਟ ਇਕੱਠੇ ਕੀਤੇ ਗਏ ਹਨ।ਉਨ੍ਹਾਂ ਸ਼੍ਰੀ ਬਾਲਾ ਜੀ ਟਰੱਸਟ ਤੇ ਰੋਟਰੀ ਕਲੱਬ ਸਟਾਰ ਦੀ ਟੀਮ ਨੂੰ ਉਨ੍ਹਾਂ ਦੇ ਟੀਮ ਵਰਕ ਲਈ ਵਧਾਈ ਦਿੱਤੀ।

## ਬਾਬਾ ਸਾਹਿਬ ਦੇ ਜਨਮ ਦਿਵਸ ਨੂੰ ਸਮਰਪਤ ਮੈਡੀਕਲ ਕੈਂਪ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਵੱਲੋਂ ਮਿਸ਼ਨ ਦੇ ਮੁੱਖ ਸਰਪ੍ਰਸਤ ਮੈਡਮ ਪੂਨਮ ਕਾਂਗੜਾ ਸਾਬਕਾ ਐੱਸ ਸੀ ਕਮਿਸ਼ਨ ਪੰਜਾਬ ਦੀ ਅਗਵਾਈ ਹੇਠ ਤੇ ਬਾਬਾ ਜੀਵਨ ਸਿੰਘ ਧਰਮਸ਼ਾਲਾ ਕਮੇਟੀ ਅਜੀਤ ਨਗਰ ਦੇ ਸਹਿਯੋਗ ਨਾਲ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਨੂੰ ਸਮਰਪਤ 22 ਅਪ੍ਰੈਲ ਨੂੰ ਭਗਵਾਨ ਵਾਲਮੀਕਿ ਧਰਮਸ਼ਾਲਾ ਅਜੀਤ ਨਗਰ ਤੇ ਗੰਗਾ ਰਾਮ ਬਸਤੀ ਸੰਗਰੂਰ ਵਿਖੇ ਮੁਫ਼ਤ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮਿਸ਼ਨ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਕੈਂਪ ਵਿੱਚ ਮਿੱਤਲ ਹੈਲਥ ਕੇਅਰ ਹਸਪਤਾਲ ਸੰਗਰੂਰ ਦੇ ਮਾਹਰ ਡਾਕਟਰਾਂ ਵੱਲੋਂ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਮਰੀਜ਼ਾਂ ਦਾ ਚੈੱਕਅਪ ਕੀਤਾ ਜਾਵੇਗਾ ਤੇ ਗਲੋਬਲ ਹਸਪਤਾਲ ਸੰਗਰੂਰ ਦੇ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਕਰਕੇ ਲੈਂਜ਼ ਮੁਫ਼ਤ ਪਾਏ ਜਾਣਗੇ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ।

# ਫਰੀਡਮ ਫਾਈਟਰ ਉੱਤਰਾਧਿਕਾਰੀ ਸੰਸਥਾ ਵੱਲੋਂ ਪ੍ਰਸ਼ਾਸਨਕ ਅਣਗਹਿਲੀ ਵਿਰੁੱਧ ਰੋਸ ਪ੍ਰਗਟ


- ਐੱਸ ਡੀ ਐੱਮ ਨੇ ਦਿੱਤਾ ਜਾਂਚ ਦਾ ਭਰੋਸਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਰੀਡਮ ਫਾਈਟਰ ਉੱਤਰਾਧਿਕਾਰੀ ਸੰਸਥਾ ਵੱਲੋਂ ਦੇਸ਼ ਭਗਤਾਂ ਤੇ ਸ਼ਹੀਦਾਂ ਦੇ ਪਰਵਾਰਾਂ ਦੀਆਂ ਮੰਗਾਂ ਪ੍ਰਤੀ ਪ੍ਰਸ਼ਾਸਨ ਦੇ ਰਵੱਈਏ 'ਤੇ ਗਹਿਰੀ ਚਿੰਤਾ ਤੇ ਰੋਸ ਪ੍ਰਗਟਾਇਆ ਗਿਆ ਹੈ। ਸੰਸਥਾ ਦੇ ਮੈਂਬਰਾਂ ਨੇ ਦੱਸਿਆ ਕਿ 11 ਮਾਰਚ 2026 ਨੂੰ ਜੀ. ਏ. ਮੈਡਮ ਨਾਲ ਹੋਈ ਮੀਟਿੰਗ ਦੌਰਾਨ ਕੁਝ ਅਹਿਮ ਮੰਗਾਂ ਰੱਖੀਆਂ ਗਈਆਂ ਸਨ, ਜਿਨ੍ਹਾਂ ਵਿੱਚ ਸੰਸਥਾ ਲਈ ਇੱਕ ਦਫ਼ਤਰੀ ਕਮਰਾ ਮੁਹੱਈਆ ਕਰਵਾਉਣਾ ਤੇ ਗੈਲਰੀ ਵਿੱਚ ਦੇਸ਼ ਭਗਤਾਂ ਦੀਆਂ ਤਸਵੀਰਾਂ ਲਗਾਉਣਾ ਸ਼ਾਮਲ ਸੀ। ਸੰਸਥਾ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਦੇਸ਼ ਨੂੰ ਆਜ਼ਾਦ ਹੋਇਆਂ 75 ਸਾਲਾਂ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ, ਪਰ ਅੱਜ ਵੀ ਸ਼ਹੀਦਾਂ ਦੇ ਵਾਰਸਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀਆਂ ਮੁੱਖ ਸ਼ਿਕਾਇਤਾਂ ਜਿਵੇਂ ਕਿ 23 ਮਾਰਚ ਨੂੰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਫਰੀਡਮ ਫਾਈਟਰ ਪਰਵਾਰਾਂ ਨੇ ਬੇਨਤੀ ਕੀਤੀ ਸੀ ਕਿ ਉਨ੍ਹਾਂ ਨੂੰ ਸਰਕਾਰੀ ਪ੍ਰੋਗਰਾਮਾਂ ਦੇ ਚਿੱਠੀ-ਪੱਤਰ ਭੇਜੇ ਜਾਣ, ਪਰ

ਅਫ਼ਸੋਸ ਕਿ 23 ਮਾਰਚ ਲੰਘ ਜਾਣ ਦੇ ਬਾਵਜੂਦ ਕਿਸੇ ਨੂੰ ਕੋਈ ਸੂਚਨਾ ਨਹੀਂ ਮਿਲੀ। 17 ਅਪ੍ਰੈਲ 2026 ਨੂੰ ਜਦੋਂ ਸੰਸਥਾ ਦੇ ਮੈਂਬਰ ਐੱਮ.ਏ. ਬ੍ਰਾਂਚ ਵਿੱਚ ਮਿਲੇ, ਤਾਂ ਉੱਥੋਂ ਕੋਈ ਵੀ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ ਗਿਆ। ਪ੍ਰਸ਼ਾਸਨਕ ਸੁਣਵਾਈ ਨਾ ਹੋਣ ਕਾਰਨ ਸੰਸਥਾ ਦਾ ਵਫ਼ਦ ਐੱਸ.ਡੀ.ਐੱਮ. ਸਾਹਿਬ ਅਭਿਸ਼ੇਸ਼ ਸ਼ਰਮਾ ਨੂੰ ਮਿਲਿਆ, ਜਿਨ੍ਹਾਂ ਕੋਲ ਜੀ. ਏ. ਸਾਹਿਬ ਦਾ ਵੀ ਚਾਰਜ ਹੈ। ਐੱਸ.ਡੀ.ਐੱਮ. ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਭਰੋਸਾ ਦਿੱਤਾ ਕਿ ਇਹ ਇੱਕ ਬਹੁਤ ਹੀ ਸੰਜੀਦਾ ਮਾਮਲਾ ਹੈ। ਸ਼ਹੀਦਾਂ ਦੇ ਪਰਵਾਰਾਂ ਨਾਲ ਸਬੰਧਤ ਇਸ ਅਣਗਹਿਲੀ ਦੀ ਮੈਂ ਖ਼ੁਦ ਪੂਰੀ ਜਾਂਚ ਕਰਾਵਾਂਗਾ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਦਰਸ਼ਨ ਸਿੰਘ ਸੋਢੀਵਾਲਾ ਮੀਤ ਪ੍ਰਧਾਨ ਪੰਜਾਬ, ਪ੍ਰਵੀਨ ਕੁਮਾਰ ਜਿੰਦਲ ਜ਼ਿਲ੍ਹਾ ਪ੍ਰਧਾਨ, ਕਾਰਜ ਸਿੰਘ ਆਸਲ, ਹਰੀ ਸਿੰਘ ਰੱਤਾ ਖੇੜਾ, ਰਾਮ ਸਿੰਘ ਮਿੱਡਾ ਜ਼ੋਨ ਇੰਚਾਰਜ ਹਾਜ਼ਰ ਸਨ।


# ਜਨਗਣਨਾ ਡਿਊਟੀ ਦੌਰਾਨ ਅਧਿਆਪਕਾਂ ਦੀਆਂ ਸਮੱਸਿਆਵਾਂ ਹੱਲ ਕਰੋ : ਸਰਾਭਾ, ਕਾਲੀਆ



**ਚੌਕੀਮਾਨ (ਇੰਜੀ. ਬਲਬੀਰ ਸਿੰਘ ਮਾਨ)**-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਲੁਧਿਆਣਾ ਦਾ ਵਫਦ ਜ਼ਿਲ੍ਹਾ ਪ੍ਰਧਾਨ ਟਹਿਲ ਸਿੰਘ ਸਰਾਭਾ, ਜਨਰਲ ਸਕੱਤਰ ਪਰਮਿੰਦਰ ਪਾਲ ਸਿੰਘ ਕਾਲੀਆ, ਪ੍ਰੈੱਸ ਸਕੱਤਰ ਸੰਜੀਵ ਕੁਮਾਰ, ਸੀਨੀਅਰ ਮੀਤ ਪ੍ਰਧਾਨ ਨਰਿੰਦਰਪਾਲ ਸਿੰਘ ਬੁਰਜ ਲਿੱਟਾਂ ਦੀ ਅਗਵਾਈ ਹੇਠ ਜਨਗਣਨਾ 2026 ਵਿੱਚ ਲੱਗੀਆਂ ਅਧਿਆਪਕਾਂ ਦੀਆਂ ਡਿਊਟੀਆਂ ਤੇ ਸਮੱਸਿਆਵਾਂ ਸਬੰਧੀ ਮੈਡਮ ਪਾਇਲ ਗੋਇਲ ਸਹਾਇਕ ਕਮਿਸ਼ਨਰ (ਜਨਰਲ) ਲੁਧਿਆਣਾ ਨੂੰ ਮਿਲਿਆ।ਇਸ ਸਮੇਂ ਜਥੇਬੰਦੀ ਵੱਲੋਂ ਜਨਗਣਨਾ ਡਿਊਟੀ ਦੌਰਾਨ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਸਬੰਧੀ ਇੱਕ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦਾ ਲਗਭਗ 80% ਸਟਾਫ ਜਨਗਣਨਾ ਡਿਊਟੀ 'ਤੇ ਲਗਾਇਆ ਗਿਆ ਹੈ, ਜੋ ਕਿ ਤਰਕ ਸੰਗਤ ਨਹੀਂ ਹੈ। ਸਕੂਲਾਂ ਵਿੱਚ ਵਿਦਿਆਰਥੀਆਂ ਦਾ ਨਵਾਂ ਸੈਸ਼ਨ ਸ਼ੁਰੂ ਹੋ ਰਿਹਾ ਗਿਆ ਹੈ ਤੇ ਵਿਦਿਆਰਥੀਆਂ ਦੇ ਦਾਖਲੇ ਵੀ ਚੱਲ ਰਹੇ ਹਨ।ਜਥੇਬੰਦੀ ਮੰਗ ਕਰਦੀ ਹੈ ਕਿ ਅਧਿਆਪਕਾਂ ਦੀਆਂ ਕੇਵਲ 40% ਸਟਾਫ ਦੀਆਂ ਡਿਊਟੀਆਂ ਹੀ ਲਗਾਈਆਂ ਜਾਣ ਤੇ ਦੂਜੇ ਮਹਿਕਮਿਆਂ ਵਿੱਚੋਂ ਵੀ ਅਨੁਪਾਤ ਅਨੁਸਾਰ ਮੁਲਾਜ਼ਮ ਨਿਯੁਕਤ ਕੀਤੇ ਜਾਣ, ਸਕੂਲਾਂ ਦੀ ਸਟਾਫ ਦੀਆਂ ਡਿਊਟੀਆਂ ਲਗਾਉਣ ਸਮੇਂ ਕਪਲ ਕੇਸਾਂ ਦੀ ਡਿਊਟੀ ਵੀ ਲਗਾ ਦਿੱਤੀ ਗਈ ਹੈ, ਜਿਸ ਵਿੱਚ ਪਤੀ ਪਤਨੀ ਵਿੱਚੋਂ ਇੱਕ ਨੂੰ ਛੋਟ ਦਿੱਤੀ ਜਾਵੇ, ਅੰਗਹੀਣ ਮੁਲਾਜ਼ਮਾਂ, ਗੰਭੀਰ ਬਿਮਾਰੀ ਤੋਂ ਪੀੜਤ ਮੁਲਾਜ਼ਮਾਂ, ਕਿਸੇ ਪਰਿਵਾਰਕ ਮੈਂਬਰ ਦੀ ਗੰਭੀਰ ਬਿਮਾਰੀ ਤੋਂ ਪੀੜਤ ਹੋਣ ਕਾਰਨ, ਗਰਭਪਤੀ ਮਹਿਲਾ ਮੁਲਾਜ਼ਮਾ, ਪੰਜ ਸਾਲ ਤੋਂ ਛੋਟੇ ਬੱਚਿਆਂ ਦੀਆਂ ਮਾਵਾਂ ਆਦਿ ਨੂੰ ਜਨਗਣਨਾ ਡਿਊਟੀ ਤੋਂ ਛੂਟ ਦਿੱਤੀ ਜਾਵੇ, ਡਿਊਟੀਆਂ ਅਧਿਆਪਕਾਂ ਦੇ ਆਪਣੇ ਰਿਹਾਇਸ਼ੀ ਖੇਤਰ ਵਿੱਚ ਹੀ ਲਗਾਈਆਂ ਜਾਣ, ਕਈ ਅਧਿਆਪਕਾਂ ਦੀਆਂ ਡਿਊਟੀਆਂ ਡਬਲ ਲੱਗ ਗਈਆਂ ਹਨ।ਅਜਿਹੇ ਕੇਸਾਂ ਵਿੱਚ ਬੇਨਤੀ ਪੱਤਰ ਲੈ ਕੇ ਇੱਕ ਪਾਸੇ ਹੀ ਡਿਊਟੀ 'ਤੇ ਹਾਜ਼ਰ ਕਰਵਾਇਆ ਜਾਵੇ, ਡਿਊਟੀ ਕਰ ਰਹੇ ਅਧਿਆਪਕਾਂ ਨੂੰ ਮਾਣ ਭੱਤੇ ਦੇ ਨਾਲ ਨਾਲ ਛੁੱਟੀ ਵਾਲੇ ਦਿਨ ਦੇ ਕੰਮ ਜਾਂ ਟ੍ਰੇਨਿੰਗਾਂ ਦੌਰਾਨ ਵਿਸ਼ੇਸ਼ ਕਮਾਈ ਛੁੱਟੀ ਦਿੱਤੀ ਜਾਵੇ, ਜਨਗਣਨਾ ਡਿਊਟੀ ਦੌਰਾਨ ਅਧਿਆਪਕਾਂ ਤੇ ਮੁਲਾਜ਼ਮਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ, ਜਨਗਣਨਾ ਡਿਊਟੀ ਸ਼ੁਰੂ ਹੋਣ ਤੋਂ ਲੈ ਕੇ ਅੰਤ ਤੱਕ ਨਿਯੁਕਤ ਕੀਤੇ ਗਏ ਅਮਲੇ ਦਾ ਦੋ ਕਰੋੜ ਦਾ ਵਿਸ਼ੇਸ਼ ਬੀਮਾ ਕੀਤਾ ਜਾਵੇ।ਇਸ ਸਮੇਂ ਬਲਵੀਰ ਸਿੰਘ ਕੰਗ, ਰਮਨਦੀਪ ਸਿੰਘ ਫੱਲੇਵਾਲ, ਚਰਨ ਸਿੰਘ ਤਾਜਪੁਰੀ, ਸਤਵਿੰਦਰਪਾਲ ਸਿੰਘ ਘਲੋਟੀ, ਸੁਖਪਾਲ ਸਿੰਘ ਮਲੌਦ, ਕੁਲਦੀਪ ਸਿੰਘ ਅਕਾਲਗੜ੍ਹ, ਜਗਦੇਵ ਸਿੰਘ ਪੀਟੀਆਈ ਆਦਿ ਆਗੂ ਹਾਜ਼ਰ ਸਨ।

## ਮਾਰਕਿਟ ਕਮੇਟੀ ਭੀਖੀ ਅਧੀਨ ਖਰੀਦ ਕੇਂਦਰਾਂ 'ਤੇ 57445 ਮੀਟ੍ਰਿਕ ਟਨ ਕਣਕ ਦੀ ਆਮਦ

### ਲਿਫਟਿੰਗ ਨਾ ਹੋਣ ਕਾਰਨ ਬਣ ਰਿਹੈ ਪ੍ਰੇਸ਼ਾਨੀ ਦਾ ਸਬੱਬ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਮਾਰਕਿਟ ਕਮੇਟੀ ਅਧੀਨ ਆਉਂਦੇ 26 ਖਰੀਦ ਕੇਂਦਰਾਂ 'ਤੇ 57345 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਨ੍ਹਾਂ ਵਿੱਚੋਂ 38915 ਮੀਟ੍ਰਿਕ ਟਨ ਦੀ ਖਰੀਦ ਹੋ ਚੁੱਕੀ ਹੈ, ਪ੍ਰੰਤੂ ਸਾਰੇ ਹੀ ਕੇਂਦਰਾਂ 'ਤੇ ਕਣਕ ਦੀ ਲਿਫਟਿੰਗ ਵਿੱਚ ਸਮੱਸਿਆ ਆ ਰਹੀ ਹੈ ਅਤੇ ਕੇਵਲ 15234 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋਈ ਹੈ, ਜਿਸ ਕਾਰਨ ਮੁੱਖ ਯਾਰਡ ਭੀਖੀ ਸਮੇਤ ਸਾਰੇ ਹੀ ਖਰੀਦ ਕੇਂਦਰਾਂ 'ਤੇ ਕਣਕ ਦੀ ਲੁਹਾਈ ਤੇ ਸਫਾਈ ਵਿੱਚ ਵੱਡੀ ਸਮੱਸਿਆ ਆ ਰਹੀ ਹੈ।ਜਾਣਕਾਰੀ ਦਿੰਦੇ ਹੋਏ ਕਮੇਟੀ ਸਕੱਤਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਖਰੀਦ ਏਜੰਸੀ ਪਨਗਰੇਨ ਨੇ 10390 ਮੀਟ੍ਰਿਕ ਟਨ, ਮਾਰਕਫੈੱਡ ਨੇ 13095 ਮੀਟ੍ਰਿਕ ਟਨ, ਪਨਸਪ ਨੇ 9565 ਮੀਟ੍ਰਿਕ ਟਨ ਤੇ ਵੇਅਰਹਾਊਸ ਕਾਰਪੋਰੇਸ਼ਨ ਨੇ 5650 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ।ਉਧਰ ਚੇਅਰਮੈਨ ਵਰਿੰਦਰ ਸੋਨੀ ਨੇ ਦੱਸਿਆ ਕਿ ਬੇਸ਼ੱਕ ਕਣਕ ਦੀ ਲਿਫਟਿੰਗ ਨੂੰ ਲੈ ਕੇ ਕੁਝ ਸਮੱਸਿਆ ਜ਼ਰੂਰ ਹੈ, ਪ੍ਰੰਤੂ ਕਿਸਾਨਾਂ ਤੇ ਆੜ੍ਹਤੀਆਂ ਨੂੰ ਕਣਕ ਦੀ ਖਰੀਦ ਵਿੱਚ ਕੋਈ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾ ਰਹੀ।ਉਨ੍ਹਾਂ ਕਿਹਾ ਕਿ ਲਿਫਟਿੰਗ ਸੰਬੰਧੀ ਵੀ ਸਬੰਧਤ ਠੇਕੇਦਾਰ ਨੂੰ ਲੇਬਰ ਦੀ ਪੂਰਤੀ ਲਈ ਕਿਹਾ ਗਿਆ ਹੈ।ਇਸ ਮੌਕੇ ਮੰਡੀ ਸੁਪਰਵਾਇਜ਼ਰ ਵਿਨੋਦ ਕੁਮਾਰ, ਜਗਤਾਰ ਸਿੰਘ ਸੋਹੀ, ਪ੍ਰਿੰਸ ਕੁਮਾਰ, ਬਿਕਰਮਜੀਤ ਸਿੰਘ ਤੋਂ ਇਲਾਵਾ ਸਮੂਹ ਸਟਾਫ ਮੌਜੂਦ ਸੀ।

## ਸਫਾ 1 ਦੇ ਬਾਕੀ...

### ਜੰਗਬਾਜ਼ ਅਮਰੀਕਾ ਤੇ ...

ਦਾ ਪੈਗਾਮ ਲੋਕ ਸੰਗਰਾਮ ਜਾਰੀ ਰੱਖ ਕੇ ਪੂਰਾ ਕਰਨ ਲਈ ਯੋਗਦਾਨ ਪਾਇਆ ਜਾਏਗਾ। ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ 'ਚ ਇਸ ਮੌਕੇ ਹੋਈ ਗੰਭੀਰ ਵਿਚਾਰ-ਚਰਚਾ ਦੇ ਸ਼ੁਰੂਆਤੀ ਸ਼ਬਦ ਸਾਂਝੇ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਸੰਸਾਰ ਅਤੇ ਮੁਲਕ ਦੇ ਮੰਚ ਉੱਤੇ ਭਖ਼ਦੇ ਸੁਆਲਾਂ ਨੂੰ ਸੰਬੋਧਤ ਹੋਣਾ ਅੱਜ ਦੇ ਸਮਾਗਮ ਦੀ ਮਹੱਤਤਾ ਹੈ। ਇਸ ਮੌਕੇ ਆਪਣੇ ਸੰਬੋਧਨ 'ਚ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਗ਼ਦਰ ਪਾਰਟੀ ਦੇ ਗਠਨ, ਇਤਿਹਾਸਕ ਸਫ਼ਰ, ਵਿਚਾਰਧਾਰਾ, ਉਦੇਸ਼ਾਂ, ਘਾਲਣਾ, ਕੁਰਬਾਨੀਆਂ ਅਤੇ ਜੀਵਨ ਸਮਰਪਤ ਕਰਨ ਦੀ ਲਟ-ਲਟ ਬਲ਼ਦੀ ਭਾਵਨਾ ਦੀ ਖ਼ੂਬਸੂਰਤ ਅੰਦਾਜ਼ ਵਿੱਚ ਤਸਵੀਰ ਪੇਸ਼ ਕੀਤੀ। ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਮਹੱਤਵਪੂਰਨ ਨੁਕਤਾ ਛੋਂਹਦੇ ਹੋਏ ਕਿਹਾ ਕਿ ਗ਼ਦਰੀ ਦੇਸ਼ ਭਗਤਾਂ ਨੇ ਵਤਨ ਵਾਸੀਆਂ ਨੂੰ ਚੌਕੰਨੇ ਕੀਤਾ ਸੀ ਕਿ ਸਾਡੇ ਸੁਪਨਿਆਂ ਦੀ ਆਜ਼ਾਦੀ ਲਈ ਸਾਮਰਾਜਵਾਦ, ਲੁੱਟ-ਖੋਹ, ਜੰਗਾਂ, ਫ਼ਿਰਕਾਪ੍ਰਸਤੀ, ਜਾਤ-ਪਾਤ, ਵਿਤਕਰੇਬਾਜ਼ੀ ਅਤੇ ਜਬਰ ਸਿਤਮ ਤੋਂ ਮੁਕਤ, ਸੈਕੂਲਰ, ਜਮਹੂਰੀ ਅਤੇ ਸਾਂਝੀਵਾਲਤਾ ਦੇ ਰੰਗ 'ਚ ਰੰਗਿਆ ਸਮਾਜ ਸਿਰਜਣ ਲਈ ਜੱਦੋ-ਜਹਿਦ ਜਾਰੀ ਰੱਖਣੀ ਹੋਏਗੀ।

ਸਮਾਗਮ ਦੇ ਮੁੱਖ ਵਕਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਮੰਗਤ ਰਾਮ ਪਾਸਲਾ ਨੇ 'ਅਮਰੀਕਾ-ਇਜ਼ਰਾਇਲ ਦਾ ਈਰਾਨ ਉਪਰ ਹਮਲਾ ਅਤੇ ਭਾਰਤੀ ਹਾਕਮ' ਵਿਸ਼ੇ ਉਪਰ ਬੋਲਦੇ ਹੋਏ ਕਿਹਾ ਕਿ ਕੁੱਲ ਸੰਸਾਰ ਦੇ ਕੁਦਰਤੀ ਮਾਲ ਖ਼ਜ਼ਾਨੇ ਲੁੱਟਣ ਲਈ ਅਮਰੀਕੀ ਸਾਮਰਾਜ ਵੱਲੋਂ ਵੱਖ-ਵੱਖ ਮੁਲਕਾਂ ਉਪਰ ਹਮਲੇ ਕਰਨਾ, ਰਾਜ ਪਲਟੇ ਕਰਾਉਣਾ, ਲੋਕਾਂ ਨੂੰ ਲੋਕਾਂ ਨਾਲ ਲੜਾਉਣਾ ਅਤੇ ਨਫ਼ਰਤ ਭਰੀ ਜ਼ਹਿਰੀਲੀ ਫ਼ਸਲ ਦੀ ਖੇਤੀ ਕਰਨਾ ਚੜ੍ਹਦੇ ਸੂਰਜ ਦਾ ਕੰਮ ਹੈ। ਉਹਨਾ ਕਿਹਾ ਕਿ ਦੁਨੀਆ ਦੀ ਤਾਜ਼ਾ ਹਵਾ ਇਹ ਵੀ ਗਵਾਹੀ ਭਰਦੀ ਹੈ ਕਿ ਲੋਕ ਜੰਗਬਾਜ਼ਾਂ ਦੇ ਖ਼ਿਲਾਫ਼ ਹਨ।

ਉਹਨਾ ਭਾਰਤੀ ਹਾਕਮਾਂ ਦੀ ਤਾਜ਼ਾ ਨੀਤੀ ਨੂੰ ਕਰਾਰੇ ਹੱਥੀਂ ਲੈਂਦੇ ਹੋਏ ਕਿਹਾ ਕਿ ਚਾਹੇ ਈਰਾਨ ਦੇ ਨੇਵੀ ਫੌਜੀ ਸਾਡੇ ਪਾਣੀਆਂ ਵਿੱਚ ਮਹਿਮਾਨ ਬਣ ਕੇ ਆਏ। ਅਮਰੀਕੀ ਹਾਕਮਾਂ ਨੇ ਨਿਹੱਥੇ ਮਾਰ ਮੁਕਾਏ ਤਾਂ ਭਾਰਤੀ ਹਾਕਮ ਗੂੰਗੇ ਹੋ ਕੇ ਰਹਿ ਗਏ। ਇਸ ਤੋਂ ਵੱਡੀ ਸਾਮਰਾਜ ਭਗਤੀ ਹੋਰ ਕੀ ਹੋ ਸਕਦੀ ਹੈ।ਉਹਨਾ ਕਿਹਾ ਕਿ ਫ਼ਿਰਕੂ ਫਾਸ਼ੀ ਰਾਜਭਾਗ ਦੀ ਸਿਰਜਣਾ ਨੂੰ ਪ੍ਰਣਾਈ ਅਤੇ ਜੰਗਬਾਜ਼ਾਂ ਦੀ ਮਦਦਗਾਰ ਭਾਰਤੀ ਹਕੂਮਤ ਖ਼ਿਲਾਫ਼ ਜ਼ਬਰਦਸਤ ਵਿਸ਼ਾਲ ਲੋਕ ਲਹਿਰ ਖੜ੍ਹੀ ਕਰਨਾ ਸਮੇਂ ਦੀ ਤਿੱਖੀ ਲੋੜ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਮੇਟੀ ਤਰਫ਼ੋਂ ਮਤੇ ਪੇਸ਼ ਕਰਦਿਆਂ ਕਿਹਾ ਕਿ ਅਮਰੀਕਾ-ਇਜ਼ਰਾਈਲ ਜੰਗਬਾਜ਼ ਈਰਾਨ ਅਤੇ ਹੋਰ ਮੁਲਕਾਂ 'ਤੇ ਹਮਲੇ ਤੁਰੰਤ ਬੰਦ ਕਰਨ, ਫ਼ਲਸਤੀਨੀ ਲੋਕਾਂ ਦਾ ਨਸਲਘਾਤ ਕਰਨਾ ਬੰਦ ਕੀਤਾ ਜਾਏ ਅਤੇ ਫ਼ਲਸਤੀਨ 'ਚੋਂ ਇਜ਼ਰਾਈਲ ਬਾਹਰ ਜਾਏ, ਨੋਇਡਾ ਅਤੇ ਹੋਰਨਾਂ ਥਾਵਾਂ ਉਪਰ ਸਨਅਤੀ ਕਾਮਿਆਂ 'ਤੇ ਹੱਲੇ ਬੰਦ ਕੀਤੇ ਜਾਣ, ਅਮਰੀਕੀ ਜੰਗਬਾਜ਼ਾਂ ਦੀ ਭਗਤੀ ਕਰਨੀ ਭਾਰਤੀ ਹਾਕਮ ਬੰਦ ਕਰਨ, ਬੁੱਧੀਜੀਵੀਆਂ, ਜਮਹੂਰੀ ਕਾਮਿਆਂ ਦੀਆਂ ਗ੍ਰਿਫ਼ਤਾਰੀਆਂ ਅਤੇ ਜ਼ੁਲਮ ਕਰਨਾ ਬੰਦ ਕੀਤਾ ਜਾਏ, ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਵਿਗਾੜਨਾ ਅਤੇ ਇਤਿਹਾਸਕ ਵਸਤਾਂ ਹਟਾਉਣਾ ਬੰਦ ਕੀਤਾ ਜਾਏ ਅਤੇ ਕੈਨੇਡਾ ਹਕੂਮਤ ਵੱਲੋਂ ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ ਦੇਣਾ ਬੰਦ ਕੀਤਾ ਜਾਏ। ਇਹਨਾਂ ਮਤਿਆਂ ਨੂੰ ਹਾਜ਼ਰੀਨ ਨੇ ਦੋਵੇਂ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ।

ਸਮਾਗਮ ਦੇ ਸਿਖ਼ਰ 'ਤੇ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਨੇ ਕਿਹਾ ਕਿ ਸਾਮਰਾਜੀਆਂ, ਉਹਨਾਂ ਦੀ ਸੇਵਾ 'ਚ ਭੁਗਤ ਰਹੇ ਅਤੇ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਥਾਪੜਾ ਦੇ ਰਹੇ ਭਾਰਤੀ ਹਾਕਮਾਂ ਦਾ ਭਵਿੱਖ 'ਚ ਪੰਜਾਬ ਉਪਰ ਹੋਰ ਵੀ ਮਾਰੂ ਹੱਲਾ ਹੋਏਗਾ। ਇਸ ਲਈ ਜਾਗਦੀ ਲੋਕ ਤਾਕਤ ਖੜ੍ਹੀ ਕਰਨਾ ਬੇਹੱਦ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਸਮਾਗਮ 'ਚ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਸਿੰਘ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਪ੍ਰੋ. ਵਰਿਆਮ ਸਿੰਘ ਸੰਧੂ, ਅਜਮੇਰ ਸਿੰਘ, ਪ੍ਰੋ. ਤੇਜਿੰਦਰ ਵਿਰਲੀ, ਚਰੰਜੀ ਲਾਲ ਕੰਗਣੀਵਾਲ, ਹਰਮੇਸ਼ ਮਾਲੜੀ, ਰਣਜੀਤ ਸਿੰਘ ਔਲਖ, ਡਾ. ਸੈਲੇਸ਼, ਪ੍ਰਗਟ ਸਿੰਘ ਜਾਮਾਰਾਏ ਆਦਿ ਤੋਂ ਇਲਾਵਾ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਦੇ ਉੱਦਮ ਸਦਕਾ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੇ ਵਿਦਿਆਰਥੀ ਵੱਡੀ ਗਿਣਤੀ 'ਚ ਸ਼ਾਮਲ ਹੋਏ। ਦੇਸ਼ ਭਗਤ ਕਮੇਟੀ ਨੇ ਸਕੂਲ ਦੇ ਪ੍ਰਿੰਸੀਪਲ ਚੰਦਰ ਸ਼ੇਖ਼ਰ ਵਰਮਾ ਤੇ ਉਹਨਾਂ ਦੀ ਅਧਿਆਪਕ ਟੀਮ ਦਾ ਧੰਨਵਾਦ ਕੀਤਾ। ਸਮਾਗਮ ਦਾ ਮੰਚ ਸੰਚਾਲਨ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

### 14 ਨੂੰ ਲੇਬਰ ਕਮਿਸ਼ਨਰ...

ਲਾਗੂ ਨਾ ਕਰਨਾ, ਫੈਕਟਰੀਆਂ ਵਿੱਚ ਕਿਰਤੀਆਂ ਨਾਲ ਹੁੰਦੀਆਂ ਵਧੀਕੀਆਂ ਰੋਕਣਾ ਅਤੇ ਉਸਾਰੀ ਕਿਰਤੀਆਂ ਦੇ ਲੰਬਿਤ ਪਏ ਕੇਸਾਂ ਦਾ ਜਲਦੀ ਨਿਪਟਾਰਾ ਕਰਨਾ ਅਤੇ ਲਾਭਪਾਤਰੀਆਂ ਦੀ ਖੱਜਲ-ਖੁਆਰੀ ਨੂੰ ਮੁਕੰਮਲ ਤੌਰ 'ਤੇ ਖਤਮ ਕਰਨਾ ਆਦਿ ਸ਼ਾਮਲ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਸਮੁੱਚੇ ਮੁਲਾਜ਼ਮ-ਮਜ਼ਦੂਰ ਵਰਗ ਵੱਲੋਂ ਪਹਿਲੀ ਮਈ ਦਾ ਦਿਹਾੜਾ ਜੋਸ਼ੋ-ਖਰੋਸ਼ ਨਾਲ ਮਨਾਉਣ ਦੀਆਂ ਤਿਆਰੀਆਂ ਵਿਸ਼ੇਸ਼ ਤੌਰ 'ਤੇ ਤਵੱਜੋ ਦੇ ਕੇ ਕੀਤੀਆਂ ਜਾਣ, ਦਫਤਰਾਂ, ਕਾਰਖਾਨੇ ਅਤੇ ਕੰਮ ਦੇ ਸਭ ਅਦਾਰਿਆਂ ਦੇ ਸਾਹਮਣੇ ਯੂਨੀਅਨ ਦੇ ਝੰਡੇ ਚੜ੍ਹਾਏ ਜਾਣ। ਜਿੱਥੇ ਸੰਭਵ ਹੋਵੇ, ਕਿਰਤੀਆਂ ਦੀਆਂ ਹੋਰ ਜਥੇਬੰਦੀਆਂ ਨਾਲ ਸਾਂਝੇ ਤੌਰ 'ਤੇ ਵੱਡੇ ਪੱਧਰ 'ਤੇ ਇਹ ਫੰਕਸ਼ਨ ਕੀਤੇ ਜਾਣ।ਕਿਰਤੀਆਂ ਦੇ ਮਸਲੇ ਅਤੇ ਭਵਿੱਖੀ ਸੰਘਰਸ਼ਾਂ 'ਤੇ ਜ਼ੋਰ ਦਿੱਤਾ ਜਾਵੇ।ਮੰਗਲਵਾਰ ਪਟਿਆਲਾ ਵਿਖੇ ਸਾਂਝੇ ਤੌਰ 'ਤੇ ਨੋਇਡਾ ਅਤੇ ਮਾਨੇਸਰ ਵਿੱਚ ਮਜਦੂਰਾਂ ਉਪਰ ਹੋਏ ਤਸ਼ੱਦਦ, ਮੁਕੱਦਮੇ ਅਤੇ ਮੰਗਾਂ ਆਦਿ ਦੇ ਸੰਬੰਧ ਵਿੱਚ ਯਕਜਹਿਤੀ ਐਕਸ਼ਨ ਕੀਤਾ ਗਿਆ ਅਤੇ ਮੋਦੀ—ਯੋਗੀ ਦੇ ਪੁਤਲੇ ਸਾੜੇ ਗਏ।

# ਅੱਜ-ਨਾਮਾ

ਚੜ੍ਹੀ ਪਈ ਚੋਣ ਦੀ ਨਦੀ ਬੰਗਾਲ ਅੰਦਰ,
ਚੜ੍ਹਦੀਆਂ ਛੱਲਾਂ ਵੀ ਰਹੀ ਹੈ ਮਾਰ ਬੇਲੀ।
ਭਾਜਪਾ ਟੀਮ ਨੇ ਆਪਣਾ ਤਾਣ ਲਾਇਆ,
ਬਣਾਉਣੀ ਐਤਕੀਂ ਓਥੇ ਸਰਕਾਰ ਬੇਲੀ।
ਮਮਤਾ ਬੈਨਰਜੀ ਮੂਹਰੇ ਨਹੀਂ ਪੇਸ਼ ਜਾਵੇ,
ਮੋਰਚਾ ਮੁਖੀ ਦੇ ਵਾਂਗਰ ਕਿਰਦਾਰ ਬੇਲੀ।
ਕਸੂਤੇ ਫਸ ਗਏ ਨੇ ਜਾਪਦੇ ਆਮ ਲੋਕੀਂ,
ਰਹਿ ਕੇ ਚੁੱਪ ਹੀ ਬੁੱਤਾ ਰਹੇ ਸਾਰ ਬੇਲੀ।
ਜਦ ਤੱਕ ਜਾਣੀਆਂ ਓਥੇ ਨੇ ਭੁਗਤ ਵੋਟਾਂ,
ਰਹਿਣੀ ਫਸੀ ਕੁੜਿੱਕੀ ਵਿੱਚ ਜਾਨ ਬੇਲੀ।
ਚੱਲੂ ਕੇਂਦਰ-ਬੰਗਾਲ ਵਿੱਚ ਏਹੀ ਟੱਕਰ,
ਬਣਿਆ ਬੰਗਾਲ ਹੈ ਜੰਗੀ ਮੈਦਾਨ ਬੇਲੀ।

-ਤੀਸ ਮਾਰ ਖਾਂ

## ਪਿਆਰਾ ਸਿੰਘ ਦਾਤਾ ਪੁਰਸਕਾਰ ਲਈ ਵਿਅੰਗਕਾਰ ਮੰਘੇੜਾ ਤੇ ਵਿਅੰਗ ਸ਼ਾਇਰ ਜ਼ੀਰਵੀ ਦੀ ਚੋਣ

### ਪੰਜਾਬੀ ਹਾਸ ਵਿਅੰਗ ਅਕਾਦਮੀ ਵੱਲੋਂ ਸਨਮਾਨ ਸਮਾਰੋਹ 26 ਨੂੰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ ਵੱਲੋਂ ਪਿਆਰਾ ਸਿੰਘ ਦਾਤਾ ਸਾਲਾਨਾ ਸਮਾਗਮ 26 ਅਪ੍ਰੈਲ ਐਤਵਾਰ ਨੂੰ ਐੱਸ ਡੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੋਗਾ ਵਿਖੇ ਅਕਾਦਮੀ ਦੇ ਪ੍ਰਧਾਨ ਕੇ ਐੱਲ ਗਰਗ ਦੀ ਰਹਿਨੁਮਾਈ ਹੇਠ ਤੇ ਪਰਮਜੀਤ ਸਿੰਘ ਦਿੱਲੀ, ਸਤਿੰਦਰ ਸਿੰਘ ਰਿੰਕੂ ਦਿੱਲੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।ਇਸ ਦੌਰਾਨ ਪਿਆਰਾ ਸਿੰਘ ਦਾਤਾ 20ਵਾਂ ਪੁਰਸਕਾਰ ਵਿਅੰਗਕਾਰ ਨਰੈਣ ਸਿੰਘ ਮੰਘੇੜਾ ਤੇ ਵਿਅੰਗ ਸ਼ਾਇਰ ਦੀਪ ਸਿੰਘ ਜ਼ੀਰਵੀ ਨੂੰ ਦਿੱਤਾ ਜਾ ਰਿਹਾ ਹੈ। ਵਰਨਣਯੋਗ ਹੈ ਕਿ ਵਿਅੰਗਕਾਰ ਨਰੈਣ ਸਿੰਘ ਮੰਘੇੜਾ ਪਿਛਲੇ ਲੰਬੇ ਸਮੇਂ ਤੋਂ ਵਿਅੰਗ ਖ਼ੇਤਰ ਵਿੱਚ ਆਪਣੀਆਂ ਸਰਗਰਮੀਆਂ ਨਿਭਾਉਂਦੇ ਹੋਏ ਹੁਣ ਤੱਕ ਵੱਖ ਵੱਖ ਸਾਹਿਤਕ ਵਿਸ਼ਿਆਂ ਉੱਪਰ ਆਪਣੀਆਂ 2 ਮੌਲਿਕ ਪੁਸਤਕਾਂ ਲੋਕ ਕਚਹਿਰੀ ਵਿੱਚ ਸਨਮੁਖ ਕਰ ਚੁੱਕੇ ਹਨ ਅਤੇ ਇੱਕ ਪੁਸਤਕ ਛਪਾਈ ਅਧੀਨ ਹੈ।ਇਸ ਤੋਂ ਇਲਾਵਾ ਕਾਫੀ ਗੀਤ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋ ਚੁੱਕੇ ਹਨ ਤੇ ਵੱਖ ਵੱਖ ਸਭਾਵਾਂ ਤੋਂ ਸਨਮਾਨਤ ਹੋ ਚੁੱਕੇ ਹਨ ਤੇ ਦੀਪ ਜ਼ੀਰਵੀ ਵਿਅੰਗ ਖੇਤਰ ਨਾਲ ਤੇ ਸਾਹਿਤ ਦੀਆਂ ਵੱਖ ਵੱਖ ਵੰਨਗੀਆਂ ਉੱਪਰ ਆਪਣੀਆਂ 6 ਮੌਲਿਕ ਪੁਸਤਕਾਂ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਪ੍ਰੈੱਸ ਸਕੱਤਰ ਡਾ. ਸਾਧੂ ਰਾਮ ਲੰਗੇਆਣਾ ਨੇ ਦੱਸਿਆ ਕਿ ਸਮਾਗਮ ਸਵੇਰੇ 10 ਵਜੇ ਸ਼ੁਰੂ ਹੋਵੇਗਾ।ਇਸ ਮੌਕੇ ਅਕਾਦਮੀ ਵੱਲੋਂ ਮੋਗਾ ਦੇ ਜੰਮਪਲ ਜੋਧ ਸਿੰਘ ਮੋਗਾ ਦੀ ਨਵ-ਪ੍ਰਕਾਸ਼ਿਤ ਪੁਸਤਕ 'ਨਿੱਕੀਆਂ ਨਿੱਕੀਆਂ ਗੱਲਾਂ', ਡਾ. ਐਮ ਆਰ ਗੋਇਲ ਦੀ ਪੁਸਤਕ 'ਨੀਲੀਆਂ ਅੱਖਾਂ ਵਾਲੀ', ਜਸਵੀਰ ਸਿੰਘ ਭਲੂਰੀਆ ਦੀ ਪੁਸਤਕ 'ਜਸਵੀਰ ਦੇ ਵਿਅੰਗ ਤੀਰ' ਦੀ ਘੁੰਡ ਚੁਕਾਈ ਵੀ ਕੀਤੀ ਜਾਵੇਗੀ ਤੇ ਹਾਸਰਸ ਕਵੀ ਦਰਬਾਰ ਵੀ ਹੋਵੇਗਾ।ਅਕਾਦਮੀ ਦੇ ਪ੍ਰਧਾਨ ਕੇ ਐੱਲ ਗਰਗ ਵੱਲੋਂ ਸਮੂਹ ਲੇਖਕਾਂ ਨੂੰ ਸਮੇਂ ਸਿਰ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਗਈ ਹੈ।

## ਵਰਲਡ ਯੂਨੀਵਰਸਿਟੀ 'ਚ ਸਪੈਕਟ੍ਰੋਫੋਟੋਮੀਟਰਜ਼ 'ਤੇ ਹੈਂਡਸ-ਆਨ ਟ੍ਰੇਨਿੰਗ ਵਰਕਸ਼ਾਪ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ 'ਚ ਸਪੈਕਟ੍ਰੋਫੋਟੋਮੀਟਰਜ਼ 'ਤੇ ਹੈਂਡਸ-ਆਨ ਟ੍ਰੇਨਿੰਗ 2026 ਵਿਸ਼ੇ 'ਤੇ ਦੂਜੀ ਵਰਕਸ਼ਾਪ ਦਾ ਸਫਲ ਆਰੰਭ ਕੀਤਾ ਗਿਆ।ਇਹ ਪੰਜ ਦਿਨਾਂ ਵਰਕਸ਼ਾਪ 20 ਤੋਂ 24 ਅਪ੍ਰੈਲ 2026 ਤੱਕ ਸੈਂਟਰਲ ਇੰਸਟ੍ਰੂਮੈਂਟੇਸ਼ਨ ਫੈਸਿਲਿਟੀ (ਸੀ.ਆਈ.ਐਫ.) ਵੱਲੋਂ, ਸੈਂਟਰ ਫਾਰ ਸਾਇੰਟਿਫਿਕ ਰਿਸਰਚ ਐਂਡ ਇਨੋਵੇਸ਼ਨ ਸੈੱਲ ਦੀ ਅਗਵਾਈ ਹੇਠ ਕੀਤੀ ਜਾ ਰਹੀ ਹੈ।ਇਸ ਵਰਕਸ਼ਾਪ ਦੇ ਉਦਘਾਟਨੀ ਸੈਸ਼ਨ ਦੌਰਾਨ ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਪ੍ਰੋ. ਪਰਿਤ ਪਾਲ ਸਿੰਘ ਨੇ ਮੁੱਖ ਭਾਸ਼ਣ ਦਿੱਤਾ।ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵਿੱਚ ਸੀ.ਆਈ.ਐੱਫ. ਲੈਬ ਅਗਸਤ 2020 ਵਿੱਚ ਸਥਾਪਤ ਕੀਤੀ ਗਈ ਸੀ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਸਪੈਕਟ੍ਰੋਫੋਟੋਮੈਟ੍ਰਿਕ ਐਨਾਲਿਸਿਸ ਤੱਕ ਮੁਫ਼ਤ ਪਹੁੰਚ ਪ੍ਰਦਾਨ ਕਰਨਾ ਹੈ, ਜਿਸ ਦੀ ਲਾਗਤ ਆਮ ਤੌਰ 'ਤੇ ਕਾਫ਼ੀ ਵੱਧ ਹੁੰਦੀ ਹੈ।ਇਸ ਨਾਲ ਯੂਨੀਵਰਸਿਟੀ ਵਿੱਚ ਰਿਸਰਚ ਇਨਵਾਇਰਨਮੈਂਟ ਨੂੰ ਮਜ਼ਬੂਤੀ ਮਿਲਦੀ ਹੈ।ਇਸ ਮੌਕੇ ਯੂਨੀਵਰਸਿਟੀ ਦੇ ਰਜਿਸਟਰਾਰ ਤੇ ਫਿਜ਼ਿਕਸ ਦੇ ਪ੍ਰੋਫੈਸਰ ਪ੍ਰੋ. ਤੇਜਬੀਰ ਸਿੰਘ, ਕੈਮਿਸਟਰੀ ਵਿਭਾਗ ਦੀ ਡਾ. ਖੁਸ਼ਬੂ ਵਰਮਾ ਨੇ ਐੱਫ.ਟੀ.ਆਈ.ਆਰ. ਸਪੈਕਟ੍ਰੋਫੋਟੋਮੀਟਰ ਬਾਰੇ ਥਿਊਰੇਟਿਕਲ ਤੇ ਓਪਰੇਸ਼ਨਲ ਐਸਪੈਕਟਸ ਦੀ ਜਾਣਕਾਰੀ ਦਿੱਤੀ।ਆਉਣ ਵਾਲੇ ਦਿਨਾਂ ਵਿੱਚ ਹੋਰ ਐਡਵਾਂਸਡ ਸਪੈਕਟ੍ਰੋਫੋਟੋਮੈਟ੍ਰਿਕ ਟੈਕਨੀਕਸ 'ਤੇ ਕੇਂਦ੍ਰਿਤ ਸੈਸ਼ਨ ਕੀਤੇ ਜਾਣਗੇ, ਜੋ ਵਿਦਿਆਰਥੀਆਂ ਨੂੰ ਇੱਕ ਵਿਆਪਕ ਤੇ ਡੂੰਘਾ ਸਿੱਖਣ ਅਨੁਭਵ ਪ੍ਰਦਾਨ ਕਰਨਗੇ।

## ਲੋਕ ਪੱਖੀ ਲਹਿਰ ਦੇ ਆਗੂ ਐੱਨ ਕੇ ਜੀਤ ਦੀ ਮੌਤ 'ਤੇ ਦੁੱਖ ਪ੍ਰਗਟ



**ਬਠਿੰਡਾ (ਬਖਤੌਰ ਢਿੱਲੋਂ, ਪਰਵਿੰਦਰਜੀਤ ਸਿੰਘ)**-ਲੋਕ ਪੱਖੀ ਲਹਿਰ ਦੇ ਪ੍ਰਮੁੱਖ ਆਗੂ, ਜਨਤਕ ਜਮਹੂਰੀ ਸੰਘਰਸ਼ਾਂ ਦੇ ਮੋਹਰੀ, ਕਾਨੂੰਨ ਦੀਆਂ ਘੁੰਡੀਆਂ ਨੂੰ ਲੋਕ ਹਿਤਾਂ ਲਈ ਵਰਤ ਸਕਣ ਵਾਲੇ ਪ੍ਰਸਿੱਧ ਐਡਵੋਕੇਟ ਸ੍ਰੀ ਐੱਨ ਕੇ ਜੀਤ ਇਨਕਲਾਬੀ ਕਾਫ਼ਲੇ ਨੂੰ ਵਿਛੋੜਾ ਦੇ ਗਏ ਹਨ। ਸਾਥੀ ਜੀਤ ਸੰਘਰਸ਼ਸ਼ੀਲ ਆਗੂ ਹੋਣ ਦੇ ਨਾਲ ਨਾਲ ਪ੍ਰਬੁੱਧ ਪਾਠਕ, ਸਾਹਿਤ ਪ੍ਰੇਮੀ ਤੇ ਗਹਿਰ ਗੰਭੀਰ ਸਾਹਿਤ ਦੀ ਗਹਿਨ ਸਮਝ ਰੱਖਣ ਵਾਲੇ ਲੋਕ ਆਗੂ ਸਨ। ਉਨ੍ਹਾਂ ਦੇ ਵਿਛੋੜੇ ਨਾਲ ਇਨਕਲਾਬੀ ਸਫ਼ਾਂ, ਜਮਹੂਰੀ ਸ਼ਕਤੀਆਂ, ਲੋਕ ਪੱਖੀ ਧਿਰਾਂ ਅਤੇ ਕਿਰਤੀ ਕਾਫ਼ਲਿਆਂ ਵਿੱਚ ਦੁੱਖ ਅਤੇ ਸੋਗ ਦੀ ਲਹਿਰ ਦੌੜ ਗਈ ਹੈ। ਸਾਥੀ ਜੀਤ ਦੇ ਤੁਰ ਜਾਣ ਨਾਲ ਸਾਹਿਤਕ ਹਲਕਿਆਂ ਵਿੱਚ ਵੀ ਗ਼ਮ ਦਾ ਮਾਹੌਲ ਹੈ। ਵੱਖ-ਵੱਖ ਸਾਹਿਤਕ ਸੰਸਥਾਵਾਂ ਪੰਜਾਬੀ ਸਾਹਿਤ ਸਭਾ ਬਠਿੰਡਾ, ਸਾਹਿਤ ਸੱਭਿਆਚਾਰ ਮੰਚ ਬਠਿੰਡਾ, ਸਾਹਿਤ ਸਿਰਜਣਾ ਮੰਚ ਬਠਿੰਡਾ ਅਤੇ ਸਾਹਿਤ ਜਾਗ੍ਰਤੀ ਸਭਾ ਬਠਿੰਡਾ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਐਡਵੋਕੇਟ ਜੀਤ ਦੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਸਰਵ ਸ੍ਰੀ ਅਤਰਜੀਤ, ਗੁਰਦੇਵ ਖੋਖਰ, ਜਸਪਾਲ ਮਾਨਖੇੜਾ, ਸੁਰਿੰਦਰਪ੍ਰੀਤ ਘਣੀਆ, ਅਮਰਜੀਤ ਜੀਤ, ਬਲਵਿੰਦਰ ਸਿੰਘ ਭੁੱਲਰ, ਰਣਜੀਤ ਗੌਰਵ, ਰਣਬੀਰ ਰਾਣਾ, ਦਮਜੀਤ ਦਰਸ਼ਨ, ਜਸਵਿੰਦਰ ਜਸ, ਕਮਲ ਬਠਿੰਡਾ, ਭੋਲਾ ਸਿੰਘ ਸ਼ਮੀਰੀਆ, ਮਨਜੀਤ ਬਠਿੰਡਾ, ਡਾ: ਰਵਿੰਦਰ ਸੰਧੂ, ਆਗਾਜ਼ਬੀਰ, ਅਮਨ ਦਾਤੇਵਾਸੀਆ, ਦਿਲਬਰਾਗ ਸਿੰਘ ਨੇ ਸਾਥੀ ਜੀਤ ਦੀ ਮੌਤ ਉਪਰ ਸ਼ੋਕ ਪ੍ਰਗਟ ਕੀਤਾ ਹੈ। ਇਸਤੋਂ ਇਲਾਵਾ ਟੀਚਰਜ ਹੋਮ ਟਰੱਸਟ ਵੱਲੋਂ ਪ੍ਰਧਾਨ ਗੁਰਬਚਨ ਸਿੰਘ, ਸਕੱਤਰ ਲਛਮਣ ਮਲੂਕਾ, ਚੇਅਰਮੈਨ ਬੀਰਬਲ ਦਾਸ ਨੇ ਵੀ ਸਾਥੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਸ੍ਰੀ ਮਾਨਖੇੜਾ ਨੇ ਦੱਸਿਆ ਕਿ ਸਾਥੀ ਦੀਆਂ ਅਸਥੀਆਂ ਨੂੰ ਪਰਵਾਰ ਤੇ ਰਿਸ਼ਤੇਦਾਰਾਂ ਸਮੇਤ ਕਾਫ਼ਲੇ ਦੇ ਸੰਗੀਆਂ ਵੱਲੋਂ 26 ਅਪ੍ਰੈਲ ਨੂੰ ਹੁਸੈਨੀਵਾਲਾ ਬਾਰਡਰ 'ਤੇ ਸਤਲੁਜ ਦਰਿਆ ਵਿੱਚ ਜਲ ਪ੍ਰਵਾਹ ਕੀਤਾ ਜਾਵੇਗਾ। ਵਿਛੜੇ ਸਾਥੀ ਐੱਨ ਕੇ ਜੀਤ ਦਾ ਸਰਧਾਂਜਲੀ ਸਮਾਗਮ 29 ਅਪ੍ਰੈਲ ਨੂੰ ਲਾਰਡ ਰਾਮਾ ਹਾਲ ਨੇੜੇ ਦਾਣਾ ਮੰਡੀ ਵਿਖੇ ਹੋਵੇਗਾ।

## ਅੱਖਾਂ ਦਾ ਫ੍ਰੀ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਲਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਬ੍ਰਹਮਲੀਨ ਸੰਤ ਤ੍ਰਿਵੈਣੀ ਗਿਰੀ ਜੀ ਦੇ ਆਸ਼ੀਰਵਾਦ ਨਾਲ ਤੇ ਸੰਤ ਰਾਮ ਗਿਰੀ ਦੀ ਅਗਵਾਈ ਵਿੱਚ ਚੱਲ ਰਹੀ ਪੁਨਰਜੋਤੀ ਆਈ ਡੋਨੇਸ਼ਨ ਸੁਸਾਇਟੀ ਰਜਿ: ਵੱਲੋਂ ਪੁਨਰਜੋਤੀ ਆਈ ਹਸਪਤਾਲ ਵਿਖੇ ਅੱਖਾਂ ਦਾ 152ਵਾਂ ਫਰੀ ਚੈੱਕਅਪ ਤੇ ਅਪ੍ਰੇਸ਼ਨ (ਲੈਂਜ) ਕੈਂਪ ਲਾਇਆ ਗਿਆ।ਕੈਂਪ ਦੀ ਸ਼ੁਰੂਆਤ ਸੰਤ ਰਾਮ ਗਿਰੀ ਤੇ ਪ੍ਰਬੰਧਕਾਂ ਵਲੋਂ ਜੋਤ ਜਗਾ ਕੇ ਕੀਤੀ ਗਈ।ਸੰਸਥਾ ਦੇ ਪ੍ਰਧਾਨ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ ਦੌਰਾਨ 135 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਗਿਆ, ਜਿਨ੍ਹਾਂ 'ਚ 100 ਮਰੀਜ਼ਾਂ ਦੇ ਅਪ੍ਰੇਸ਼ਨ ਦੌਰਾਨ ਲੈਂਜ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਪਾਏ ਗਏ।ਕੈਂਪ ਦੌਰਾਨ ਮਰੀਜ਼ਾਂ ਨੂੰ ਦਵਾਈਆਂ, ਐਨਕਾਂ ਮੁਫਤ ਦਿੱਤੀਆਂ ਗਈਆਂ।ਕੈਂਪ ਦੌਰਾਨ ਸੰਸਥਾ ਦੇ ਮੈਂਬਰਾਂ ਸ਼ੇਰ ਜੰਗ ਬੌਬੀ, ਪਰਸ਼ੋਤਮ ਕੁਮਾਰ, ਦਵਿੰਦਰ ਕੁਮਾਰ, ਮਿਲਵਰਤਨ ਭੰਡਾਰੀ, ਫ਼ਕੀਰ ਚੰਦ, ਵਿਜੇ ਕੁਮਾਰ, ਸੰਜੀਵ ਕੁਮਾਰ, ਸੁਨੀਲ ਕੁਮਾਰ, ਤਰਸੇਮ ਚੰਦ, ਮੁਨੀਸ਼ ਕੁਮਾਰ, ਜਤਿੰਦਰ ਕੁਮਾਰ, ਭੋਜ ਰਾਜ, ਸੁਰੇਸ਼ ਕੁਮਾਰ, ਮੋਹਿਤ ਬਾਂਸਲ, ਮੋਨੂੰ, ਅੰਕੁਸ਼ ਗੋਇਲ, ਰਾਜੀਵ ਗੋਇਲ, ਰਾਕੇਸ਼ ਸਿੰਗਲਾ, ਗੁਲਸ਼ਨ ਕੁਮਾਰ, ਅਵਿਨਾਸ਼ ਕੁਮਾਰ, ਨਰਿੰਦਰ ਕੁਮਾਰ ਤੋਂ ਇਲਾਵਾ ਸੀਨੀਅਰ ਸਿਟੀਜ਼ਨ ਪਵਨ ਕੁਮਾਰ ਸਟੈਨੋ, ਪਵਨ ਕੁਮਾਰ ਫੂਲ, ਸ਼ਾਮ ਲਾਲ, ਪ੍ਰੀਤਮ ਸਿੰਘ ਆਰਟਿਸਟ, ਪਵਨ ਮਹਿਤਾ ਤੇ ਸੁਰਿੰਦਰ ਭਾਟੀਆ ਨੇ ਸਹਿਯੋਗ ਦਿੱਤਾ।

## ਹੈਰੋਇਨ ਤੇ ਦੇਸੀ ਕੱਟੇ ਸਮੇਤ ਕਾਬੂ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਥਾਣਾ ਮਹਿਲ ਕਲਾਂ ਪੁਲਸ ਵੱਲੋਂ ਇੱਕ ਨੌਜਵਾਨ ਨੂੰ ਹੈਰੋਇਨ ਤੇ ਦੇਸੀ ਕੱਟੇ ਸਮੇਤ ਕਾਬੂ ਕਰਨ ਦੀ ਖ਼ਬਰ ਮਿਲੀ ਹੈ।ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਇੰਸਪੈਕਟਰ ਕੁਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਪੁਲਸ ਪਾਰਟੀ ਕਲਾਲ ਮਾਜਰਾ ਵੱਲ ਜਾਂਦੀ ਸੜਕ ਉੱਤੇ ਗਸ਼ਤ ਕਰ ਰਹੀ ਸੀ ਤਾਂ ਪੁਲਸ ਟੀਮ ਪੁਲ ਸੂਆ ਬਾ-ਹੱਦ ਮਹਿਲ ਕਲਾਂ ਨੇੜੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਉਸ ਦੇ ਕਬਜ਼ੇ ਵਿੱਚੋਂ 15 ਗ੍ਰਾਮ ਚਿੱਟਾ (ਹੈਰੋਇਨ), 315 ਬੋਰ ਦਾ ਦੇਸੀ ਕੱਟਾ ਤੇ 3 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ।ਗ੍ਰਿਫ਼ਤਾਰ ਨੌਜਵਾਨ ਦੀ ਪਛਾਣ ਹਰਦੀਪ ਸਿੰਘ ਭੌਰਾ ਵਾਸੀ ਕਲਾਲ ਮਾਜਰਾ ਵਜੋਂ ਹੋਈ ਹੈ।ਪੁਲਸ ਵੱਲੋਂ ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕਰਕੇ ਹੋਰ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਨਵਾਂ ਜ਼ਮਾਨਾ
ਬੁੱਧਵਾਰ, 22 ਅਪ੍ਰੈਲ 2026

# ਚੋਣ ਜ਼ਾਬਤੇ ਦੀਆਂ ਉਡਦੀਆਂ ਧੱਜੀਆਂ

*ਦੇਸ਼ ਦੇ 700 ਤੋਂ ਵੱਧ 'ਚਿੰਤਤ ਨਾਗਰਿਕਾਂ' ਦੇ ਇੱਕ ਸਮੂਹ, ਜਿਨ੍ਹਾਂ ਵਿੱਚ ਸਿੱਖਿਆ ਸ਼ਾਸਤਰੀ, ਸਮਾਜਕ ਕਾਰਕੁਨ ਅਤੇ ਸਾਬਕਾ ਨੌਕਰਸ਼ਾਹ ਸ਼ਾਮਲ ਹਨ, ਨੇ ਸੋਮਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ 18 ਅਪ੍ਰੈਲ ਨੂੰ ਕੌਮ ਦੇ ਨਾਂਅ ਆਪਣੇ ਖਿਤਾਬ ਦੌਰਾਨ ਆਦਰਸ਼ ਚੋਣ ਜ਼ਾਬਤੇ ਦੀ ਸਪੱਸ਼ਟ ਉਲੰਘਣਾ ਦਾ ਦੋਸ਼ ਲਾਇਆ ਅਤੇ ਭਾਰਤੀ ਚੋਣ ਕਮਿਸ਼ਨ ਨੂੰ ਇੱਕ ਦਸਤਖਤ ਕੀਤੀ ਸ਼ਿਕਾਇਤ ਸੌਂਪੀ। ਆਪਣੇ ਸੰਬੋਧਨ ਵਿੱਚ ਮੋਦੀ ਨੇ ਕਾਂਗਰਸ, ਡੀ ਐੱਮ ਕੇ, ਤ੍ਰਿਣਮੂਲ ਕਾਂਗਰਸ ਅਤੇ ਸਮਾਜਵਾਦੀ ਪਾਰਟੀ 'ਤੇ ਲੋਕ ਸਭਾ ਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ ਰਾਖਵੇਂਕਰਨ ਨੂੰ ਤੇਜ਼ ਕਰਨ ਵਾਲੇ ਸੰਵਿਧਾਨਕ ਸੋਧ ਬਿੱਲ ਨੂੰ ਹਰਾ ਕੇ ਭਰੂਣ ਹੱਤਿਆ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਸੀ ਕਿ ਉਨ੍ਹਾਂ ਨੂੰ 'ਪਾਪ' ਦੀ ਕੀਮਤ ਚੁਕਾਉਣੀ ਪਵੇਗੀ।*

*ਚੋਣ ਕਮਿਸ਼ਨ ਨੂੰ ਦਿੱਤੇ ਸ਼ਿਕਾਇਤ ਪੱਤਰ 'ਤੇ ਦਸਤਖਤ ਕਰਨ ਵਾਲਿਆਂ ਨੇ ਕਿਹਾ ਹੈ, 'ਅਸੀਂ, ਭਾਰਤ ਦੇ ਸੰਬੰਧਤ ਨਾਗਰਿਕ, ਤੁਹਾਡੇ ਤੁਰੰਤ ਧਿਆਨ ਵਿੱਚ ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਵੱਲੋਂ 18 ਅਪ੍ਰੈਲ, 2026 ਨੂੰ ਕੀਤੇ ਗਏ ਸੰਬੋਧਨ ਰਾਹੀਂ ਆਦਰਸ਼ ਚੋਣ ਜ਼ਾਬਤੇ ਦੀ ਸਪੱਸ਼ਟ ਉਲੰਘਣਾ ਲਿਆਉਂਦੇ ਹਾਂ।' ਇਸ ਤੋਂ ਪਹਿਲਾਂ ਸੀ ਪੀ ਆਈ ਤੇ ਸੀ ਪੀ ਆਈ (ਐੱਮ) ਨੇ ਵੀ ਐਤਵਾਰ ਚੋਣ ਕਮਿਸ਼ਨ ਨੂੰ ਇਸੇ ਤਰ੍ਹਾਂ ਦੀ ਸ਼ਿਕਾਇਤ ਸੌਂਪੀ ਸੀ। ਚਿੰਤਤ ਨਾਗਰਿਕਾਂ ਦੇ ਸਮੂਹ ਨੇ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਚੱਲ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨੇ ਚੋਣਾਂ ਦੌਰਾਨ ਲਾਗੂ ਜ਼ਾਬਤੇ ਦੀ ਉਲੰਘਣਾ ਕਰਦੇ ਹੋਏ ਚੋਣ ਪ੍ਰਚਾਰ ਅਤੇ ਪੱਖਪਾਤੀ ਪ੍ਰਚਾਰ ਲਈ ਸਰਕਾਰੀ ਮਸ਼ੀਨਰੀ ਅਤੇ ਮਾਸ ਮੀਡੀਆ ਦੀ ਵਰਤੋਂ ਕੀਤੀ। ਮੋਦੀ ਦਾ ਸੰਬੋਧਨ ਸਰਕਾਰੀ ਮਾਸ ਮੀਡੀਆ ਪਲੇਟਫਾਰਮਾਂ 'ਤੇ ਸਿੱਧਾ ਪ੍ਰਸਾਰਤ ਕੀਤਾ ਗਿਆ ਸੀ, ਜਿਨ੍ਹਾਂ ਨੂੰ ਸਰਕਾਰੀ ਖਜ਼ਾਨੇ ਦੁਆਰਾ ਫੰਡ ਦਿੱਤਾ ਜਾਂਦਾ ਹੈ। ਅਜਿਹੀ ਕਾਰਵਾਈ ਸੱਤਾ ਵਿੱਚ ਬੈਠੀ ਪਾਰਟੀ ਨੂੰ ਇੱਕ ਨਾਜਾਇਜ਼ ਫਾਇਦਾ ਪ੍ਰਦਾਨ ਕਰਦੀ ਹੈ ਅਤੇ ਸੁਤੰਤਰ ਤੇ ਨਿਰਪੱਖ ਚੋਣਾਂ ਲਈ ਜ਼ਰੂਰੀ ਬਰਾਬਰੀ ਦੇ ਮੈਦਾਨ ਨੂੰ ਕਮਜ਼ੋਰ ਕਰਦੀ ਹੈ। ਸੱਤਾ ਵਿੱਚ ਬੈਠੀ ਪਾਰਟੀ ਨੂੰ ਚੋਣ ਲਾਭ ਲਈ ਅਧਿਕਾਰਤ ਅਹੁਦੇ, ਸਰਕਾਰੀ ਸੰਚਾਰ ਸਿਸਟਮ, ਕਰਮਚਾਰੀਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਜਾਂ ਸਰਕਾਰੀ ਦੌਰਿਆਂ ਨੂੰ ਪ੍ਰਚਾਰ ਗਤੀਵਿਧੀਆਂ ਨਾਲ ਨਹੀਂ ਜੋੜਨਾ ਚਾਹੀਦਾ।*

*ਕੌਮੀ ਸੰਬੋਧਨ ਪ੍ਰਧਾਨ ਮੰਤਰੀ ਨੇ ਆਪਣੀ ਅਧਿਕਾਰਤ ਹੈਸੀਅਤ ਵਿੱਚ ਦਿੱਤਾ ਸੀ ਅਤੇ ਉਹ ਜਨਤਕ ਖਰਚੇ ਵਾਲੇ ਮਾਸ ਮੀਡੀਆ ਦੀ ਵਰਤੋਂ ਕਰਕੇ ਪ੍ਰਸਾਰਤ ਕੀਤਾ ਗਿਆ। ਇਸ ਤਰ੍ਹਾਂ ਇਹ ਆਦਰਸ਼ ਚੋਣ ਜ਼ਾਬਤੇ ਦੇ ਸੈਕਸ਼ਨ 7 ਦੀਆਂ ਮੱਦਾਂ 1(ਏ), 1(ਬੀ) ਅਤੇ 4 ਵਿੱਚ ਸ਼ਾਮਲ ਸਪੱਸ਼ਟ ਪਾਬੰਦੀ ਦੀ ਉਲੰਘਣਾ ਕਰਦਾ ਹੈ। ਸ਼ਿਕਾਇਤ 'ਤੇ ਦਸਤਖਤ ਕਰਨ ਵਾਲਿਆਂ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਇਸ ਸ਼ਿਕਾਇਤ ਦਾ ਤੁਰੰਤ ਨੋਟਿਸ ਲਵੇ ਅਤੇ ਸਮੱਗਰੀ ਦੀ ਜਾਂਚ ਸ਼ੁਰੂ ਕਰੇ, ਜਿਸ ਵਿੱਚ ਕੋਡ ਦੇ ਸੰਬੰਧਤ ਉਪਬੰਧਾਂ ਦੇ ਮੱਦੇਨਜ਼ਰ ਸੰਬੋਧਨ ਦੀ ਟ੍ਰਾਂਸਕ੍ਰਿਪਟ ਅਤੇ ਟੈਲੀਕਾਸਟ ਦੀ ਜਾਂਚ ਕਰਨਾ ਸ਼ਾਮਲ ਹੈ। ਉਨ੍ਹਾਂ ਚੋਣ ਕਮਿਸ਼ਨ ਨੂੰ ਕਿਹਾ ਕਿ ਉਹ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਢੁਕਵੇਂ ਨਿਰਦੇਸ਼ ਜਾਰੀ ਕਰੇ ਅਤੇ ਉਲੰਘਣਾ ਵਿਰੁੱਧ ਲੋੜੀਂਦੀ ਕਾਰਵਾਈ ਕਰੇ। ਸ਼ਿਕਾਇਤ ਵਿੱਚ ਉਮੀਦ ਜ਼ਾਹਰ ਕੀਤੀ ਗਈ ਹੈ ਕਿ ਚੋਣ ਕਮਿਸ਼ਨ ਇਸ ਸ਼ਿਕਾਇਤ ਨੂੰ ਉਸ ਤੱਤਪਰਤਾ ਅਤੇ ਗੰਭੀਰਤਾ ਨਾਲ ਲਵੇਗਾ, ਜਿਸ ਦੀ ਉਹ ਹੱਕਦਾਰ ਹੈ।*

*ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਵੀ ਮੋਦੀ ਦੇ ਭਾਸ਼ਣ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾ ਆਪਣੇ ਅਧਿਕਾਰਤ ਅਹੁਦੇ ਦੀ ਦੁਰਵਰਤੋਂ ਕੀਤੀ ਅਤੇ ਚੋਣਾਂ ਦੇ ਵਿਚਕਾਰ ਦੂਰਦਰਸ਼ਨ ਉੱਤੇ 'ਭਾਜਪਾ ਨੇਤਾ' ਵਾਂਗ ਸੰਬੋਧਨ ਕੀਤਾ।*

*ਚੇਤੇ ਰਹੇ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਰਾਜਸਥਾਨ ਦੇ ਬਾਂਸਵਾੜਾ ਵਿੱਚ ਇੱਕ ਭਾਸ਼ਣ ਨੂੰ ਲੈ ਕੇ ਮੋਦੀ ਵਿਰੁੱਧ ਚੋਣ ਜ਼ਾਬਤੇ ਦੀ ਉਲੰਘਣਾ ਦੀਆਂ ਅਜਿਹੀਆਂ ਹੀ ਸ਼ਿਕਾਇਤਾਂ ਦਰਜ ਕਰਾਈਆਂ ਗਈਆਂ ਸਨ, ਜਿਸ ਵਿੱਚ ਉਨ੍ਹਾ ਕਾਂਗਰਸ 'ਤੇ ਦੇਸ਼ ਦੀ ਦੌਲਤ ਇਕੱਠੀ ਕਰਨ ਅਤੇ ਇਸ ਨੂੰ ਮੁਸਲਮਾਨਾਂ ਵਿੱਚ ਵੰਡਣ ਦਾ ਦੋਸ਼ ਲਾਇਆ ਸੀ। ਫਿਰ ਉਨ੍ਹਾਂ 'ਤੇ ਧਾਰਮਕ ਦੁਸ਼ਮਣੀ ਨੂੰ ਉਤਸ਼ਾਹਤ ਕਰਨ ਦਾ ਦੋਸ਼ ਲਾਇਆ ਗਿਆ ਸੀ, ਜੋ ਕਿ ਚੋਣ ਜ਼ਾਬਤੇ ਦੇ ਤਹਿਤ ਇੱਕ ਅਪਰਾਧ ਸੀ। ਚੋਣ ਕਮਿਸ਼ਨ ਨੇ ਉਨ੍ਹਾ ਵਿਰੁੱਧ ਕੋਈ ਕਾਰਵਾਈ ਨਹੀਂ ਸੀ ਕੀਤੀ। ਚੋਣ ਕਮਿਸ਼ਨ ਵੱਲੋਂ ਮਿਲੀ ਇਸ ਢਿੱਲ ਦਾ ਹੀ ਨਤੀਜਾ ਹੈ ਕਿ ਭਾਜਪਾ ਆਗੂ ਖੁੱਲ੍ਹ ਕੇ ਨਫਰਤੀ ਭਾਸ਼ਣ ਕਰਕੇ ਮਾਹੌਲ ਜ਼ਹਿਰੀਲਾ ਬਣਾ ਰਹੇ ਹਨ।*

## ਤੂੰ ਡਾਲ-ਡਾਲ ਮੈਂ... !

ਤੂੰ ਹਾਕਮ ਪੂਰੀ ਦੁਨੀਆ ਦਾ, ਮੈਂ ਹਾਂ ਕੇਵਲ ਇਨਸਾਨੀ ਜਾਤ।
ਤੂੰ ਕੈਦੀ ਸੈਕਸੀ ਫਾਇਲਾਂ ਦਾ, ਮੇਰੇ ਕੋਲ ਹੈ ਤਵਾ-ਪਰਾਤ।
ਤੂੰ ਬੀਜੇਂ ਫਸਲ ਹਨੇਰਿਆਂ ਦੀ, ਕੋਲ ਮੇਰੇ ਕਿਰਨਾਂ ਦੀ ਦਾਤ।
ਮੈਂ ਸਾਫਗੋਈ ਨਾਲ ਚਲਦਾ ਹਾਂ, ਤੂੰ ਹਮਲਾ ਕਰਦੈਂ ਲਾ ਕੇ ਘਾਤ।
ਤੇਰੇ ਕੋਲ ਪੈਟਰੋ ਡਾਲਰ ਹੈ, ਮੇਰੇ ਸੰਗ ਕੁਦਰਤ ਦੀ ਦਾਤ।
ਤੇਰੀ, ਥਾਂ ਤੇ ਇਹ ਦੁਨੀਆ, ਸਮਝ ਰਹੀ ਹੈ ਮੇਰੀ ਬਾਤ।
ਤੂੰ ਉਸ ਪਾਸੇ ਮੈਂ ਇਸ ਪਾਸੇ, ਤੇਰੇ ਦਿਨ ਹੁੰਦਾ ਹੈ ਮੇਰੇ ਰਾਤ।
ਸਾਰੇ ਰੁੱਖ ਗਿਰਵੀ ਕਰਕੇ ਵੀ, ਤੂੰ ਡਾਲ-ਡਾਲ ਮੈਂ ਪਾਤ-ਪਾਤ।

-ਗੁਲਪੁਰ

ਜਨਮ ਦਿਨ 'ਤੇ ਵਿਸ਼ੇਸ਼

# ਜ਼ੁਲਮ ਤੇ ਬੇਇਨਸਾਫੀ ਵਿਰੁੱਧ ਲੜਾਈ ਹੀ ਲੈਨਿਨ ਨੂੰ ਸ਼ਰਧਾਂਜਲੀ

ਮੂਲ : ਪਲਬ ਸੇਨਗੁਪਤਾ
ਅਨੁਵਾਦ : ਐੱਮ ਐੱਸ ਭਾਟੀਆ

ਹਰ ਸਾਲ 22 ਅਪ੍ਰੈਲ ਨੂੰ ਦੁਨੀਆ ਭਰ ਦੇ ਇਨਕਲਾਬੀ ਅਤੇ ਕਮਿਊਨਿਸਟ ਸਾਮਰਾਜਵਾਦ ਦੇ ਮਹਾਨ ਸਿਧਾਂਤਕਾਰ, ਬੋਲਸ਼ੇਵਿਕ ਇਨਕਲਾਬ ਦੇ ਨੇਤਾ ਅਤੇ ਦੁਨੀਆ ਦੇ ਪਹਿਲੇ ਮਜ਼ਦੂਰ ਰਾਜ ਦੇ ਸੰਸਥਾਪਕ ਵਲਾਦੀਮੀਰ ਇਲੀਚ ਲੈਨਿਨ ਦੀ ਜਨਮ ਵਰ੍ਹੇਗੰਢ ਮਨਾਉਂਦੇ ਹਨ।

ਕਮਿਊਨਿਸਟਾਂ ਲਈ ਲੈਨਿਨ ਦਾ ਜੀਵਨ ਅਤੇ ਕੰਮ ਸਿਰਫ਼ ਇਤਿਹਾਸਕ ਕਲਾਕ੍ਰਿਤੀਆਂ ਨਹੀਂ ਹਨ, ਉਹ ਸਮਕਾਲੀ ਵਿਸ਼ਵ ਗਤੀਸ਼ੀਲਤਾ ਨੂੰ ਸਮਝਣ ਅਤੇ ਸ਼ਾਂਤੀ, ਲੋਕਤੰਤਰ ਅਤੇ ਸਮਾਜਵਾਦ ਲਈ ਸੰਘਰਸ਼ ਨੂੰ ਆਕਾਰ ਦੇਣ ਲਈ ਇੱਕ ਮਾਰਗਦਰਸ਼ਕ ਹਨ। ਮੌਜੂਦਾ ਅੰਤਰਰਾਸ਼ਟਰੀ ਮਹੌਲ 'ਚ ਵਿਨਾਸ਼ਕਾਰੀ ਯੁੱਧਾਂ, ਵਧਦਾ ਫੌਜੀਵਾਦ ਅਤੇ ਤੇਜ਼ ਹੋ ਰਹੀ ਅੰਤਰ-ਸਾਮਰਾਜਵਾਦੀ ਦੁਸ਼ਮਣੀ ਦੁਆਰਾ ਚਿੰਨ੍ਹਤ ਲੈਨਿਨ ਦੇ ਵਿਚਾਰਾਂ ਦੀ ਸਾਰਥਕਤਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤਿੱਖੀ ਅਤੇ ਜ਼ਰੂਰੀ ਹੋ ਗਈ ਹੈ।

ਟਕਰਾਅ ਅਤੇ ਸਾਮਰਾਜਵਾਦੀ ਦੁਸ਼ਮਣੀ ਦੁਆਰਾ ਚਿੰਨ੍ਹਤ ਇੱਕ ਸੰਸਾਰ ਅੱਜ ਦੀ ਦੁਨੀਆ ਕਈ ਹਥਿਆਰਬੰਦ ਟਕਰਾਵਾਂ ਅਤੇ ਭੂ-ਰਾਜਨੀਤਿਕ ਮੁੱਦਿਆਂ ਵਿੱਚ ਘਿਰੀ ਹੋਈ ਹੈ।ਯੂਕਰੇਨ ਵਿੱਚ ਲੰਮੀ ਜੰਗ, ਗਾਜ਼ਾ ਉੱਤੇ ਨਸਲਕੁਸ਼ੀ ਇਜ਼ਰਾਈਲੀ ਹਮਲਾ, ਈਰਾਨ ਨਾਲ ਸਿੱਧਾ ਅਮਰੀਕਾ-ਇਜ਼ਰਾਈਲ ਫੌਜੀ ਟਕਰਾਅ,ਪੱਛਮੀ ਏਸ਼ੀਆ 'ਚ ਅਸਥਿਰਤਾ ਫੈਲਾਉਣਾ ਅਤੇ ਦੱਖਣੀ ਚੀਨ ਸਾਗਰ ਅਤੇ ਕੋਰੀਆਈ ਪ੍ਰਾਇਦੀਪ ਵਿੱਚ ਵਧਦਾ ਫੌਜੀ ਤਣਾਅ ਇਹ ਸਾਰੇ ਵਿਸ਼ਵ ਸ਼ਾਂਤੀ ਦੀ ਕਮਜ਼ੋਰੀ ਦੀ ਗਵਾਹੀ ਭਰਦੇ ਹਨ। ਇਹ ਟਕਰਾਅ ਇਕੱਲੇ-ਇਕੱਲੇ ਹਾਦਸੇ ਜਾਂ ਨਸਲੀ ਜਾਂ ਧਾਰਮਿਕ ਨਫ਼ਰਤ ਦੇ ਸਿਰਫ਼ ਪ੍ਰਗਟਾਵੇ ਨਹੀਂ ਹਨ, ਇਹ ਸੰਰਚਨਾਤਮਕ ਤੌਰ 'ਤੇ ਬਾਜ਼ਾਰਾਂ, ਊਰਜਾ ਰੂਟਾਂ, ਕੱਚੇ ਮਾਲ, ਰਣਨੀਤਕ ਪ੍ਰਭਾਵ ਅਤੇ ਭੂ-ਰਾਜਨੀਤਕ ਸਰਦਾਰੀ ਲਈ ਏਕਾਧਿਕਾਰ ਪੂੰਜੀ ਸਮੂਹਾਂ ਵਿਚਕਾਰ ਵਿਸ਼ਵਵਿਆਪੀ ਮੁਕਾਬਲੇ ਹਨ।

ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਲੈਨਿਨ ਨੇ ਆਪਣੀ ਮਹਾਨ ਰਚਨਾ ਸਾਮਰਾਜਵਾਦ- ਪੂੰਜੀਵਾਦ ਦਾ ਸਭ ਤੋਂ ਉੱਚਾ ਪੜਾਅ, ਵਿੱਚ ਅਜਿਹੇ ਵਰਤਾਰਿਆਂ ਦੀ ਵਿਗਿਆਨਕ ਵਿਆਖਿਆ ਪ੍ਰਦਾਨ ਕੀਤੀ। ਉਸ ਨੇ ਦਿਖਾਇਆ ਕਿ ਆਧੁਨਿਕ ਯੁੱਧ ਏਕਾਧਿਕਾਰ ਪੂੰਜੀਵਾਦ ਦਾ ਇੱਕ ਜੈਵਿਕ ਉਤਪਾਦ ਹਨ, ਖਾਸ ਤੌਰ 'ਤੇ ਉਤਪਾਦਕ ਸ਼ਕਤੀਆਂ ਅਤੇ ਰਾਸ਼ਟਰੀ ਸੀਮਾਵਾਂ ਵਿਚਕਾਰ ਵਧਦੇ ਵਿਰੋਧਾਭਾਸ, ਪੂੰਜੀ ਦਾ ਨਿਰਯਾਤ, ਬਸਤੀਵਾਦੀ ਸ਼ਕਤੀਆਂ ਵਿੱਚ ਦੁਨੀਆ ਦੀ ਵੰਡ ਅਤੇ ਪੂੰਜੀਵਾਦੀ ਰਾਜਾਂ ਦਾ ਗੈਰ-ਬਰਾਬਰੀ ਵਾਲਾ ਵਿਕਾਸ। ਲੈਨਿਨ ਦੇ ਅਨੁਸਾਰ ਸਾਮਰਾਜਵਾਦ ਲਾਜ਼ਮੀ ਤੌਰ ਤੇ ਅੰਤਰ-ਸਾਮਰਾਜਵਾਦੀ ਟਕਰਾਅ ਪੈਦਾ ਕਰਦਾ ਹੈ, ਜੋ ਮਨੁੱਖਤਾ ਨੂੰ ਵਿਨਾਸ਼ਕਾਰੀ ਤਬਾਹੀ ਨਾਲ ਖ਼ਤਰੇ ਵਿੱਚ ਪਾਉਂਦਾ ਹੈ। ਜਦੋਂ ਤੱਕ ਕਿ ਮਜ਼ਦੂਰ ਵਰਗ ਅਤੇ ਦੱਬੇ-ਕੁਚਲੇ ਲੋਕ ਯੁੱਧ ਨੂੰ ਪੈਦਾ ਕਰਨ ਵਾਲੇ ਸਿਸਟਮ ਨੂੰ ਉਖਾੜਨ ਲਈ ਦਖਲ ਨਹੀਂ ਦਿੰਦੇ।

ਮੌਜੂਦਾ ਅੰਤਰਰਾਸ਼ਟਰੀ ਸਥਿਤੀ ਲੈਨਿਨ ਦੇ ਵਿਸ਼ਲੇਸ਼ਣ ਨੂੰ ਜ਼ੋਰਦਾਰ ਢੰਗ ਨਾਲ ਦਰਸਾਉਂਦੀ ਹੈ। ਨਾਟੋ ਵਰਗੇ ਫੌਜੀ ਗੱਠਜੋੜ ਪੂਰਬ ਵੱਲ ਅਤੇ ਏਸ਼ੀਆ ਵਿੱਚ ਫੈਲ ਰਹੇ ਹਨ। ਵਿਸ਼ਵਵਿਆਪੀ ਫ਼ੌਜੀ ਖਰਚ ਰਿਕਾਰਡ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ, ਜੋ ਕਿ ਸਾਲਾਨਾ 2.4 ਟ੍ਰਿਲੀਅਨ ਡਾਲਰ ਤੋਂ ਵੱਧ ਹੈ। ਪ੍ਰਮਾਣੂ ਹਥਿਆਰਾਂ ਦੇ ਆਧੁਨਿਕੀਕਰਨ ਪ੍ਰੋਗਰਾਮਾਂ ਵਿੱਚ ਤੇਜ਼ੀ ਆ ਰਹੀ ਹੈ। ਹਥਿਆਰ ਉਦਯੋਗ ਬਹੁਤ ਜ਼ਿਆਦਾ ਮੁਨਾਫ਼ਾ ਕਮਾ ਰਿਹਾ ਹੈ, ਜਦੋਂ ਕਿ ਲੱਖਾਂ ਲੋਕ ਗਰੀਬੀ, ਜ਼ਬਰਦਸਤੀ ਪਲਾਇਨ, ਭੁੱਖਮਰੀ ਅਤੇ ਵਾਤਾਵਰਣ ਦੇ ਪਤਨ ਤੋਂ ਪੀੜਤ ਹਨ।ਲੈਨਿਨ ਦੀ ਸੂਝ ਕਿ ਫੌਜੀਵਾਦ ਇੱਕ ਭਟਕਣਾ ਨਹੀਂ, ਬਲਕਿ ਸਾਮਰਾਜਵਾਦੀ ਮੁਕਾਬਲੇ ਦੀ ਜ਼ਰੂਰਤ ਹੈ, ਵਿਨਾਸ਼ਕਾਰੀ ਤੌਰ 'ਤੇ ਸਹੀ ਹੈ।

**ਲੈਨਿਨ ਦਾ ਸ਼ਾਂਤੀ ਦਾ ਦ੍ਰਿਸ਼ਟੀਕੋਣ** : ਸ਼ਾਂਤੀ ਦੇ ਫ਼ਰਮਾਨ ਤੋਂ ਲੈ ਕੇ ਸਾਮਰਾਜਵਾਦ ਵਿਰੋਧੀ ਸੰਘਰਸ਼ ਤੱਕਲੈਨਿਨ ਦੀ ਸ਼ਾਂਤੀ ਪ੍ਰਤੀ ਵਚਨਬੱਧਤਾ ਨਾ ਤਾਂ ਅਮੂਰਤ ਸੀ ਅਤੇ ਨਾ ਹੀ ਸ਼ਾਂਤੀਵਾਦੀ। ਇਹ ਜਮਾਤੀ ਵਿਸ਼ਲੇਸ਼ਣ ਅਤੇ ਇਨਕਲਾਬੀ ਅਭਿਆਸ ਵਿੱਚ ਜੜ੍ਹੀ ਹੋਈ ਸੀ। 8 ਨਵੰਬਰ, 1917 ਨੂੰ ਸੱਤਾ 'ਤੇ ਕਾਬਜ਼ ਹੋਣ ਤੋਂ ਅਗਲੇ ਦਿਨ ਸੋਵੀਅਤ ਸਰਕਾਰ ਨੇ ਇਤਿਹਾਸਕ ਸ਼ਾਂਤੀ ਬਾਰੇ ਫ਼ਰਮਾਨ ਜਾਰੀ ਕੀਤਾ, ਜੋ ਕਿ ਲੈਨਿਨ ਦੁਆਰਾ ਖ਼ੁਦ ਤਿਆਰ ਕੀਤਾ ਗਿਆ ਸੀ। ਇਸ ਦਸਤਾਵੇਜ਼ ਵਿੱਚ ਕਬਜ਼ੇ ਅਤੇ ਮੁਆਵਜ਼ੇ ਦੀ ਨਿੰਦਾ ਕੀਤੀ ਗਈ ਸੀ। ਪਹਿਲੇ ਵਿਸ਼ਵ ਯੁੱਧ ਵਿੱਚ ਤੁਰੰਤ ਜੰਗਬੰਦੀ ਦੀ ਮੰਗ ਕੀਤੀ ਗਈ ਸੀ ਅਤੇ ਸਾਰੇ ਲੜਾਕੂ ਦੇਸ਼ਾਂ ਦੇ ਮਜ਼ਦੂਰਾਂ ਅਤੇ ਲੋਕਾਂ ਨੂੰ ਆਪਣੀਆਂ ਸਾਮਰਾਜਵਾਦੀ ਸਰਕਾਰਾਂ ਦੇ ਵਿਰੁੱਧ ਉਠਣ ਦੀ ਅਪੀਲ ਕੀਤੀ ਗਈ ਸੀ।

ਲੈਨਿਨ ਸਮਝਦਾ ਸੀ ਕਿ ਪੂੰਜੀਵਾਦ ਦੇ ਅਧੀਨ ਸ਼ਾਂਤੀ ਸਥਾਈ ਤੌਰ 'ਤੇ ਸੁਰੱਖਿਅਤ ਨਹੀਂ ਕੀਤੀ ਜਾ ਸਕਦੀ। ਇੱਕ ਪ੍ਰਣਾਲੀ ਜੋ ਵੱਧ ਤੋਂ ਵੱਧ ਮੁਨਾਫਾ ਕਮਾਉਣ, ਖੇਤਰੀ ਮੁਕਾਬਲੇ ਅਤੇ ਸੰਕਟ ਦੇ ਨਿਰੰਤਰ ਖ਼ਤਰੇ ਦੁਆਰਾ ਚਲਾਈ ਜਾਂਦੀ ਹੈ। ਪੂੰਜੀ ਦੀ ਸ਼ਕਤੀ ਨੂੰ ਉਖਾੜ ਸੁੱਟੇ ਬਿਨਾਂ ਸ਼ਾਂਤੀ ਅਸੰਭਵ ਹੈ, ਉਸ ਨੇ ਦਲੀਲ ਦਿੱਤੀ ਸੀ। ਇਸ ਲਈ ਸ਼ਾਂਤੀ ਲਈ ਸੰਘਰਸ਼ ਨੂੰ ਸਾਮਰਾਜਵਾਦ, ਸ਼ੋਸ਼ਣ ਅਤੇ ਸਮਾਜਿਕ ਬੇਇਨਸਾਫ਼ੀ ਵਿਰੁੱਧ ਸੰਘਰਸ਼ ਨਾਲ ਅਟੁੱਟ ਤੌਰ 'ਤੇ ਜੋੜਿਆ ਜਾਣਾ ਚਾਹੀਦਾ ਹੈ। ਲੈਨਿਨ ਲਈ ਸੱਚੀ ਸ਼ਾਂਤੀ ਸਿਰਫ਼ ਯੁੱਧ ਦੀ ਅਣਹੋਂਦ ਨਹੀਂ ਸੀ, ਸਗੋਂ ਇੱਕ ਅਜਿਹੀ ਸਥਿਤੀ ਸੀ, ਜੋ ਸਿਰਫ਼ ਸਮਾਜਵਾਦ ਦੁਆਰਾ ਸੰਭਵ ਹੋਈ ਸੀ।

**ਸ਼ਾਂਤੀ ਲਈ ਸੰਘਰਸ਼ 'ਚ ਕਮਿਊਨਿਸਟਾਂ ਦੀ ਭੂਮਿਕਾ:** ਲੈਨਿਨ ਦੇ ਜਨਮ ਦਿਨ ਨੂੰ ਮਨਾਉਣਾ ਇਸ ਤਰ੍ਹਾਂ ਸ਼ਾਂਤੀ ਅਤੇ ਅੰਤਰ-ਰਾਸ਼ਟਰੀ ਏਕਤਾ ਪ੍ਰਤੀ ਕਮਿਊਨਿਸਟ ਵਚਨਬੱਧਤਾ ਨੂੰ ਨਵਿਆਉਣ ਦਾ ਇੱਕ ਮੌਕਾ ਹੈ। ਇਸ ਲਈ ਕਈ ਮੋਰਚਿਆਂ 'ਤੇ ਠੋਸ ਰਾਜਨੀਤਕ ਕਾਰਵਾਈ ਦੀ ਲੋੜ ਹੈ।

ਪਹਿਲਾ, ਕਮਿਊਨਿਸਟ ਅਤੇ ਮਜ਼ਦੂਰ ਪਾਰਟੀਆਂ ਨੂੰ ਜੰਗ, ਫੌਜੀਵਾਦ ਅਤੇ ਪ੍ਰਮਾਣੂ ਹਥਿਆਰਾਂ ਦੇ ਵਿਰੁੱਧ ਜਨਤਕ ਰਾਏ ਨੂੰ ਸਰਗਰਮੀ ਨਾਲ ਲਾਮਬੰਦ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਕੂਟਨੀਤਕ ਹੱਲਾਂ ਦੀ ਮੰਗ ਕਰਨ, ਫੌਜੀ ਵਾਧੇ ਦਾ ਵਿਰੋਧ ਕਰਨ ਅਤੇ ਖਤਰਨਾਕ ਵਿਸ਼ਵਵਿਆਪੀ ਹਥਿਆਰਾਂ ਦੀ ਦੌੜ ਨੂੰ ਰੱਦ ਕਰਨ ਲਈ ਵਿਆਪਕ ਸੰਯੁਕਤ-ਮੋਰਚੇ ਦੇ ਪਲੇਟਫਾਰਮ ਬਣਾਉਣੇ ਚਾਹੀਦੇ ਹਨ। ਟ੍ਰੇਡ ਯੂਨੀਅਨਾਂ, ਸ਼ਾਂਤੀ ਅੰਦੋਲਨਾਂ,ਨੌਜਵਾਨ ਸੰਗਠਨਾਂ, ਜੰਗ ਵਿਰੋਧੀ ਬੁੱਧੀਜੀਵੀਆਂ ਅਤੇ ਜਮਹੂਰੀ ਤਾਕਤਾਂ ਨੂੰ ਇਕੱਠੇ ਕਰਨਾ ਚਾਹੀਦਾ ਹੈ।ਕਮਿਊਨਿਸਟਾਂ ਨੂੰ ਇਹ ਬੇਨਕਾਬ ਕਰਨਾ ਚਾਹੀਦਾ ਹੈ ਕਿ ਕਿਵੇਂ ਨਾਟੋ, ਔਕਸ ਅਤੇ ਕਿਊਐਡ ਵਰਗੇ ਫੌਜੀ ਗਠਜੋੜ ਸਾਮਰਾਜੀ ਦਬਦਬੇ ਦੇ ਸਾਧਨ ਹਨ, ਰੱਖਿਆ ਦੇ ਨਹੀਂ।

ਦੂਜਾ, ਭਾਰਤੀ ਸੰਦਰਭ ਵਿੱਚ, ਕਮਿਊਨਿਸਟਾਂ ਨੂੰ ਨਰਿੰਦਰ ਮੋਦੀ ਸਰਕਾਰ ਦੇ ਵਧ ਰਹੇ ਸਾਮਰਾਜ-ਪੱਖੀ ਰੁਝਾਨ ਨੂੰ ਬੇਨਕਾਬ ਕਰਨਾ ਚਾਹੀਦਾ ਹੈ। ਭਾਰਤ ਦਾ ਅਮਰੀਕਾ-ਇਜ਼ਰਾਈਲ ਧੁਰੇ ਨਾਲ ਰਣਨੀਤਕ ਗੱਠਜੋੜ, ਚਤੁਰਭੁਜ ਸੁਰੱਖਿਆ ਸੰਵਾਦ (ਕਿਊਐਡ) ਵਿੱਚ ਇਸ ਦੀ ਭਾਗੀਦਾਰੀ, ਗਾਜ਼ਾ ਵਿੱਚ ਨਸਲਕੁਸ਼ੀ ਦੀ ਨਿੰਦਾ ਕਰਨ ਵਿੱਚ ਇਸ ਦੀ ਝਿਜਕ ਅਤੇ ਇਸ ਦਾ ਪੱਛਮੀ ਫੌਜੀ ਸਮੂਹਾਂ ਨਾਲ ਜੁੜਨਾ ਭਾਰਤ ਦੀ ਗੁੱਟ ਨਿਰਲੇਪ ਅਤੇ ਬਸਤੀਵਾਦੀ ਵਿਰੋਧੀ ਏਕਤਾ ਦੀ ਇਤਿਹਾਸਕ ਨੀਤੀ ਤੋਂ ਇੱਕ ਖ਼ਤਰਨਾਕ ਵਿਦਾਇਗੀ ਨੂੰ ਦਰਸਾਉਂਦਾ ਹੈ। ਭਾਰਤ ਵਿੱਚ ਕਮਿਊਨਿਸਟ ਲਹਿਰ, ਜਿਸ ਵਿੱਚ ਸੀ ਪੀ ਆਈ, ਸੀ ਪੀ ਆਈ (ਐਮ), ਸੀ ਪੀ ਆਈ (ਐਮ ਐਲ) ਲਿਬਰੇਸ਼ਨ ਅਤੇ ਹੋਰ ਖੱਬੇ-ਪੱਖੀ ਅਤੇ ਜਮਹੂਰੀ ਤਾਕਤਾਂ ਸ਼ਾਮਲ ਹਨ, ਨੂੰ ਇਸ ਤਬਦੀਲੀ ਦੇ ਵਿਰੁੱਧ ਇੱਕ ਇਕਸਾਰ, ਸਿਧਾਂਤਕ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਸ ਨੂੰ ਸਾਮਰਾਜਵਾਦੀ ਉਲਝਣਾਂ ਦਾ ਵਿਰੋਧ ਕਰਕੇ ਭਾਰਤ ਦੀ ਪ੍ਰਭੂਸੱਤਾ ਦੀ ਰੱਖਿਆ ਕਰਨੀ ਚਾਹੀਦੀ ਹੈ, ਨਾ ਕਿ ਇੱਕ ਸਾਮਰਾਜਵਾਦੀ ਕੈਂਪ ਨਾਲ ਦੂਜੇ ਦੇ ਵਿਰੁੱਧ ਗੱਠਜੋੜ ਕਰਕੇ।

ਤੀਜਾ, ਪ੍ਰਗਤੀਸ਼ੀਲ ਤਾਕਤਾਂ ਵਿੱਚ ਅੰਤਰਰਾਸ਼ਟਰੀ ਏਕਤਾ ਨੂੰ ਤੁਰੰਤ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਤੀਬਰ ਭੂ-ਰਾਜਨੀਤਕ ਸਮੂਹਾਂ ਦੇ ਯੁੱਗ ਵਿੱਚ ਕਮਿਊਨਿਸਟ ਲਹਿਰ ਨੂੰ ਇੱਕ ਸੱਚਮੁੱਚ ਸਾਮਰਾਜ-ਵਿਰੋਧੀ ਅੰਤਰਰਾਸ਼ਟਰੀ ਬਣਾਉਣਾ ਚਾਹੀਦਾ ਹੈ - ਇੱਕ ਅਜਿਹਾ ਨਹੀਂ, ਜੋ ਅੰਤਰ-ਸਾਮਰਾਜਵਾਦੀ ਦੁਸ਼ਮਣੀਆਂ ਵਿੱਚ ਪੱਖ ਲੈਂਦਾ ਹੈ, ਸਗੋਂ ਅਜਿਹਾ ਜੋ ਸਾਰੇ ਸਾਮਰਾਜਵਾਦੀ ਯੁੱਧਾਂ ਦਾ ਵਿਰੋਧ ਕਰਦਾ ਹੈ। ਇਸ ਲਈ ਕੋਮਿਨਟਰਨ ਦੀਆਂ ਜੰਗ-ਵਿਰੋਧੀ ਕਾਂਗਰਸਾਂ ਦੀ ਭਾਵਨਾ ਨੂੰ ਮੁੜ ਸੁਰਜੀਤ ਕਰਨ ਅਤੇ ਏਸ਼ੀਆ, ਅਫਰੀਕਾ, ਲਾਤੀਨੀ ਅਮਰੀਕਾ ਅਤੇ ਯੂਰਪ ਵਿੱਚ ਕਮਿਊਨਿਸਟਾਂ ਵਿੱਚ ਤਾਲਮੇਲ ਲਈ ਨਵੇਂ ਪਲੇਟਫਾਰਮ ਬਣਾਉਣ ਦੀ ਲੋੜ ਹੈ।

ਚੌਥਾ, ਕਮਿਊਨਿਸਟਾਂ ਨੂੰ ਰਾਸ਼ਟਰੀ ਪ੍ਰਭੂਸੱਤਾ, ਸ਼ਾਂਤੀਪੂਰਨ ਸਹਿ-ਹੋਂਦ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਸਤਿਕਾਰ ਦੇ ਸਿਧਾਂਤਾਂ ਦੀ ਰੱਖਿਆ ਕਰਨੀ ਚਾਹੀਦੀ ਹੈ - ਅਮੂਰਤ ਨਿਯਮਾਂ ਵਜੋਂ ਨਹੀਂ, ਸਗੋਂ ਸਾਮਰਾਜੀ ਹਮਲੇ ਦੇ ਵਿਰੁੱਧ ਹਥਿਆਰਾਂ ਵਜੋਂ। ਇਹ ਸਿਧਾਂਤ, ਸੰਯੁਕਤ ਰਾਸ਼ਟਰ ਚਾਰਟਰ ਵਿੱਚ ਦਰਜ ਹਨ, ਪਰ ਸ਼ਕਤੀਸ਼ਾਲੀ ਰਾਜਾਂ ਦੁਆਰਾ ਯੋਜਨਾਬੱਧ ਢੰਗ ਨਾਲ ਉਲੰਘਣਾ ਕੀਤੇ ਗਏ ਹਨ, ਯੁੱਧਾਂ ਨੂੰ ਰੋਕਣ ਅਤੇ ਰਾਸ਼ਟਰਾਂ ਵਿੱਚ ਸਹਿਯੋਗ ਨੂੰ ਸਮਰੱਥ ਬਣਾਉਣ ਲਈ ਮਹੱਤਵਪੂਰਨ ਰਹਿੰਦੇ ਹਨ। ਇਸ ਦੇ ਨਾਲ ਹੀ ਕਮਿਊਨਿਸਟਾਂ ਨੂੰ ਅਸਲੀ ਰਾਸ਼ਟਰੀ ਮੁਕਤੀ ਸੰਘਰਸ਼ਾਂ (ਜਿਵੇਂ ਕਿ ਫਲਸਤੀਨ) ਅਤੇ ਬੁਰਜੂਆ ਰਾਜਾਂ ਦੀਆਂ ਫੌਜੀ ਇੱਛਾਵਾਂ ਵਿੱਚ ਫਰਕ ਕਰਨਾ ਚਾਹੀਦਾ ਹੈ।

**ਲੈਨਿਨ ਦੀ ਵਿਰਾਸਤ ਨੂੰ ਨਵਿਆਉਣਾ:** ਲੈਨਿਨ ਦੀ ਵਿਰਾਸਤ ਸਾਨੂੰ ਸਿਖਾਉਂਦੀ ਹੈ ਕਿ ਸ਼ਾਂਤੀ ਸਿਰਫ਼ ਜੰਗ ਦੀ ਅਣਹੋਂਦ ਨਹੀਂ ਹੈ, ਇਹ ਸਮਾਜਿਕ ਨਿਆਂ, ਸਮਾਨਤਾ ਅਤੇ ਮਿਹਨਤਕਸ਼ ਲੋਕਾਂ ਦੀ ਮੁਕਤੀ ਤੋਂ ਅਟੁੱਟ ਹੈ। ਲੈਨਿਨ ਕਦੇ ਵੀ ਇਹ ਦੁਹਰਾਉਂਦੇ ਨਹੀਂ ਥੱਕਦੇ ਸਨ ਕਿ ਆਮ ਲੋਕ ਜਦੋਂ ਸੰਗਠਿਤ, ਵਰਗ-ਚੇਤੰਨ ਅਤੇ ਸਰਹੱਦਾਂ ਦੇ ਪਾਰ ਇੱਕਜੁੱਟ ਹੁੰਦੇ ਹਨ, ਤਾਂ ਸਮਾਜ ਨੂੰ ਬਦਲਣ ਅਤੇ ਯੁੱਧ ਨੂੰ ਪੈਦਾ ਕਰਨ ਵਾਲੇ ਸਿਸਟਮ ਨੂੰ ਖਤਮ ਕਰਨ ਦੀ ਸ਼ਕਤੀ ਰੱਖਦੇ ਹਨ।ਅੱਜ ਮਨੁੱਖਤਾ ਹੋਂਦ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦੀ ਹੈ: ਨਾ ਸਿਰਫ਼ ਸਾਮਰਾਜੀ ਯੁੱਧ, ਸਗੋਂ ਵਾਤਾਵਰਣਕ ਢਹਿ-ਢੇਰੀ, ਡੂੰਘੇ ਆਰਥਿਕ ਸੰਕਟ ਅਤੇ ਫਾਸ਼ੀਵਾਦ ਦੇ ਪੁਨਰ-ਉਥਾਨ।ਇਸ ਹਨੇਰੇ ਸੰਜੋਗ ਵਿੱਚ ਲੈਨਿਨ ਦਾ ਦ੍ਰਿਸ਼ਟੀਕੋਣ ਇੱਕ ਚਾਨਣ-ਮੁਨਾਰੇ ਵਜੋਂ ਚਮਕਦਾ ਹੈ। ਉਸ ਦੇ ਵਿਚਾਰ ਸਾਨੂੰ ਇੱਕ ਲੋਕਤੰਤਰੀ, ਸਮਾਨਤਾਵਾਦੀ ਅਤੇ ਸਮਾਜਵਾਦੀ ਭਵਿੱਖ ਲਈ ਸਕਾਰਾਤਮਕ ਸੰਘਰਸ਼ ਨਾਲ ਯੁੱਧ ਦੇ ਸਿਧਾਂਤਕ ਵਿਰੋਧ ਨੂੰ ਜੋੜਨ ਦੀ ਤਾਕੀਦ ਕਰਦੇ ਹਨ - ਸ਼ੋਸ਼ਣ, ਜ਼ੁਲਮ ਜਾਂ ਸਾਮਰਾਜਵਾਦੀ ਹਿੰਸਾ ਤੋਂ ਬਿਨਾਂ ਇੱਕ ਭਵਿੱਖ।ਜਿਵੇਂ ਕਿ ਅਸੀਂ ਲੈਨਿਨ ਦੇ ਜਨਮ ਦਿਨ ਦੀ ਯਾਦ ਮਨਾਉਂਦੇ ਹਾਂ, ਕਮਿਊਨਿਸਟਾਂ ਅਤੇ ਪ੍ਰਗਤੀਸ਼ੀਲ ਤਾਕਤਾਂ ਨੂੰ ਆਪਣੀ ਇਨਕਲਾਬੀ ਵਚਨਬੱਧਤਾ ਦੀ ਪੁਸ਼ਟੀ ਕਰਨੀ ਚਾਹੀਦੀ ਹੈ। ਅੰਤਰਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਕੇ, ਜਨਤਾ ਨੂੰ ਸ਼ਾਂਤੀ ਲਈ ਲਾਮਬੰਦ ਕਰਕੇ ਅਤੇ ਸਾਮਰਾਜਵਾਦ ਅਤੇ ਪੂੰਜੀਵਾਦ ਦੇ ਵਿਰੁੱਧ ਨਿਰੰਤਰ ਲੜ ਕੇ ਅਸੀਂ ਲੈਨਿਨ ਦੇ ਇਨਕਲਾਬੀ ਸੰਦੇਸ਼ ਨੂੰ ਇੱਕੀਵੀਂ ਸਦੀ ਵਿੱਚ ਅੱਗੇ ਵਧਾਉਂਦੇ ਹਾਂ।ਲੈਨਿਨ ਨੂੰ ਸਭ ਤੋਂ ਵਧੀਆ ਸ਼ਰਧਾਂਜਲੀ ਸਿਰਫ਼ ਯਾਦ ਕਰਨਾ ਨਹੀਂ, ਸਗੋਂ ਕਾਰਵਾਈ ਹੈ: ਯੁੱਧ, ਜ਼ੁਲਮ ਅਤੇ ਬੇਇਨਸਾਫ਼ੀ ਤੋਂ ਮੁਕਤ ਦੁਨੀਆ ਦੀ ਉਸਾਰੀ ਲਈ ਇੱਕ ਅਟੁੱਟ ਸਮਰਪਣ।

**# ਸੰਪਰਕ : 9199884-91002**

# ਲੈਨਿਨ ਦੇ ਚੋਣਵੇਂ ਕਥਨ



'ਮਾਰਕਸ ਦੀ ਸਿੱਖਿਆ ਸਰਵਸ਼ਕਤੀਮਾਨ ਹੈ ਕਿਉਂਕਿ ਇਹ ਸੱਚ ਹੈ।' -ਲੈਨਿਨ

(ਮਾਰਕਸਵਾਦ ਦੇ ਤਿੰਨ ਸੋਮੇ ਵਿੱਚੋਂ)

'ਮਾਰਕਸਵਾਦ ਦਾ ਦਰਸ਼ਨ ਪਦਾਰਥਵਾਦ ਹੈ।' -ਲੈਨਿਨ

ਆਪਣੀਆਂ ਵਿਗਿਆਨਕ ਰਚਨਾਵਾਂ ਵਿੱਚ, ਮਾਰਕਸ ਅਤੇ ਐਂਗਲਸ ਪਹਿਲੇ ਸਨ ਜਿਨ੍ਹਾਂ ਨੇ ਇਹ ਸਮਝਾਇਆ ਕਿ ਸਮਾਜਵਾਦ ਸੁਪਨੇ ਦੇਖਣ ਵਾਲਿਆਂ ਦੀ ਕਲਪਨਾ ਨਹੀਂ ਹੈ, ਬਲਕਿ ਆਧੁਨਿਕ ਸਮਾਜ ਵਿੱਚ ਉਤਪਾਦਨ ਦੀਆਂ ਤਾਕਤਾਂ ਦੇ ਵਿਕਾਸ ਦਾ ਅੰਤਿਮ ਲਕਸ਼ ਅਤੇ ਲਾਜ਼ਮੀ ਨਤੀਜਾ ਹੈ।

— ਵੀ. ਆਈ. ਲੈਨਿਨ

'ਪਦਾਰਥ ਇੱਕ ਦਾਰਸ਼ਨਿਕ ਸ਼੍ਰੇਣੀ ਹੈ ਜੋ ਬਾਹਰਮੁਖੀ ਹਕੀਕਤ ਨੂੰ ਦਰਸਾਉਂਦੀ ਹੈ, ਜੋ ਮਨੁੱਖ ਨੂੰ ਉਸਦੀਆਂ ਸੰਵੇਦਨਾਵਾਂ ਵਿੱਚ ਦਿੱਤੀ ਜਾਂਦੀ ਹੈ, ਜਿਸਦੀ ਨਕਲ ਕੀਤੀ ਜਾਂਦੀ ਹੈ, ਫੋਟੋ ਖਿੱਚੀ ਜਾਂਦੀ ਹੈ, ਅਤੇ ਸਾਡੀਆਂ ਸੰਵੇਦਨਾਵਾਂ ਦੁਆਰਾ ਪ੍ਰਤੀਬਿੰਬਤ ਹੁੰਦੀ ਹੈ, ਜਦੋਂ ਕਿ ਉਹਨਾਂ ਤੋਂ ਸੁਤੰਤਰ ਤੌਰ 'ਤੇ ਮੌਜੂਦ ਹੁੰਦੀ ਹੈ।'

- ਲੈਨਿਨ

**ਪਦਾਰਥਵਾਦ ਅਤੇ ਅਨੁਭਵ-ਆਲੋਚਨਾਵਾਦ**

'ਦਰਸ਼ਨ ਦਾ ਇਤਿਹਾਸ ਅਤੇ ਸਮਾਜਿਕ ਵਿਗਿਆਨ ਦਾ ਇਤਿਹਾਸ ਪੂਰੀ ਸਪੱਸ਼ਟਤਾ ਨਾਲ ਦਰਸਾਉਂਦਾ ਹੈ ਕਿ ਮਾਰਕਸਵਾਦ ਵਿੱਚ 'ਸੰਪਰਦਾਇਕਤਾ' ਵਰਗਾ ਕੁਝ ਵੀ ਨਹੀਂ ਹੈ ਜੋ ਕਿਸੇ ਬੰਦ, ਸਖ਼ਤ ਸਿਧਾਂਤ ਦੇ ਅਰਥਾਂ ਵਿੱਚ ਹੈ ਜੋ ਵਿਸ਼ਵ ਸਭਿਅਤਾ ਦੀ ਮੁੱਖ ਧਾਰਾ ਤੋਂ ਵੱਖਰਾ ਪੈਦਾ ਹੋਇਆ ਸੀ। ਇਸਦੇ ਉਲਟ, ਮਾਰਕਸ ਦੀ ਪ੍ਰਤਿਭਾ ਇਸ ਤੱਥ ਵਿੱਚ ਸੀ ਕਿ ਉਸਨੇ ਉਨ੍ਹਾਂ ਪ੍ਰਸ਼ਨਾਂ ਦੇ ਜਵਾਬ ਪ੍ਰਦਾਨ ਕੀਤੇ ਜੋ ਮਨੁੱਖਤਾ ਦੇ ਉੱਨਤ ਵਿਚਾਰ ਨੇ ਪਹਿਲਾਂ ਹੀ ਖੜ੍ਹੇ ਕੀਤੇ ਸਨ। ਉਸਦੀ ਸਿੱਖਿਆ ਦਰਸ਼ਨ, ਰਾਜਨੀਤਿਕ ਆਰਥਿਕਤਾ ਅਤੇ ਸਮਾਜਵਾਦ ਦੇ ਸਭ ਤੋਂ ਵੱਡੇ ਵਿਆਖਿਆਕਾਰਾਂ ਦੀਆਂ ਸਿੱਖਿਆਵਾਂ ਦੀ ਸਿੱਧੀ ਅਤੇ ਤੁਰੰਤ ਨਿਰੰਤਰਤਾ ਵਜੋਂ ਉਭਰੀ।

- ਲੈਨਿਨ

**ਮਾਰਕਸਵਾਦ ਦੇ ਤਿੰਨ ਸੋਮੇ ਵਿੱਚੋਂ**

'ਅਸੀਂ ਮਾਰਕਸ ਦੀ ਸਿਧਾਂਤ ਨੂੰ ਕਿਸੇ ਪੂਰੀ ਤਰ੍ਹਾਂ ਮੁਕੰਮਲ ਅਤੇ ਅਟੱਲ ਚੀਜ਼ ਵਜੋਂ ਨਹੀਂ ਮੰਨਦੇ; ਇਸ ਦੇ ਉਲਟ, ਅਸੀਂ ਯਕੀਨ ਕਰਦੇ ਹਾਂ ਕਿ ਇਸ ਨੇ ਸਿਰਫ਼ ਉਸ ਵਿਗਿਆਨ ਦੀ ਬੁਨਿਆਦ ਰੱਖੀ ਹੈ ਜਿਸ ਨੂੰ ਸਮਾਜਵਾਦੀਆਂ ਨੂੰ ਹਰ ਦਿਸ਼ਾ ਵਿੱਚ ਵਿਕਸਿਤ ਕਰਨਾ ਲਾਜ਼ਮੀ ਹੈ, ਜੇ ਉਹ ਜੀਵਨ ਦੇ ਨਾਲ ਕਦਮ ਮਿਲਾ ਕੇ ਚੱਲਣਾ ਚਾਹੁੰਦੇ ਹਨ।'

— ਵੀ. ਆਈ. ਲੈਨਿਨ

ਮੇਰੇ ਲਈ ਇਸ ਤੋਂ ਵੱਧ ਕੁਝ ਨਹੀਂ ਸੀ ਜਿਸਦੀ ਮੈਂ ਇੱਛਾ ਕੀਤੀ ਹੋਵੇ, ਜਾਂ ਜਿਸਦਾ ਮੈਂ ਇੰਨਾ ਸੁਪਨਾ ਦੇਖਿਆ ਹੋਵੇ, ਜਿੰਨਾ ਕਿ ਮਜ਼ਦੂਰਾਂ ਲਈ ਲਿਖਣ ਦਾ ਮੌਕਾ। — ਲੈਨਿਨ

ਅਗਵਾਈ ਕਰਨ ਵਾਲੇ ਯੋਧੇ ਦੀ ਭੂਮਿਕਾ ਸਿਰਫ਼ ਉਸ ਪਾਰਟੀ ਦੁਆਰਾ ਹੀ ਨਿਭਾਈ ਜਾ ਸਕਦੀ ਹੈ ਜੋ ਸਭ ਤੋਂ ਉੱਨਤ ਸਿਧਾਂਤ ਦੁਆਰਾ ਮਾਰਗਦਰਸ਼ਿਤ ਹੋਵੇ।

— ਲੈਨਿਨ

**20ਵੀਂ ਸਦੀ ਦਾ ਅਰੰਭ**

ਉਸ ਮੋੜ ਦਾ ਸੂਚਕ ਹੈ, ਜਿਸ ਤੋਂ ਪੁਰਾਣੀ ਸਰਮਾਏਦਾਰੀ ਨਵੀਂ ਸਰਮਾਏਦਾਰੀ ਦੀ ਸੇਧ ਵਿੱਚ,ਆਮ ਤੌਰ ਤੇ ਸਰਮਾਏ ਦਾ ਦਾਬਾ ਮਾਲੀ ਸਰਮਾਏ ਦੇ ਦਾਬੇ ਦੀ ਸੇਧ ਵਿੱਚ, ਮੁੜ ਗਿਆ। -ਲੈਨਿਨ

**ਸਾਮਰਾਜ ਸਰਮਾਏਦਾਰੀ ਦੀ ਉਚਤਮ ਅਵਸਥਾ 'ਚੋਂ**

'ਜਿੰਨਾ ਚਿਰ ਪੂੰਜੀਵਾਦ ਉਹੀ ਰਹਿੰਦਾ ਹੈ ਜੋ ਇਹ ਹੈ, ਵਾਧੂ ਪੂੰਜੀ ਦੀ ਵਰਤੋਂ ਕਦੇ ਵੀ ਕਿਸੇ ਦੇਸ਼ ਵਿੱਚ ਜਨਤਾ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੇ ਉਦੇਸ਼ ਲਈ ਨਹੀਂ ਕੀਤੀ ਜਾਵੇਗੀ, ਕਿਉਂਕਿ ਇਸਦਾ ਅਰਥ ਪੂੰਜੀਪਤੀਆਂ ਲਈ ਮੁਨਾਫ਼ਿਆਂ ਵਿੱਚ ਗਿਰਾਵਟ ਹੋਵੇਗਾ; ਇਸਦੀ ਵਰਤੋਂ ਪਛੜੇ ਦੇਸ਼ਾਂ ਨੂੰ ਵਿਦੇਸ਼ਾਂ ਵਿੱਚ ਪੂੰਜੀ ਨਿਰਯਾਤ ਕਰਕੇ ਉਨ੍ਹਾਂ ਮੁਨਾਫ਼ਿਆਂ ਨੂੰ ਵਧਾਉਣ ਦੇ ਉਦੇਸ਼ ਲਈ ਕੀਤੀ ਜਾਵੇਗੀ'

**ਸਾਮਰਾਜ -ਸਰਮਾਏਦਾਰੀ ਦਾ ਉਚਤਮ ਪੜਾਅ ਵਿੱਚੋਂ**

'ਕੋਈ ਵੀ ਇਸ ਗੱਲ ਲਈ ਦੋਸ਼ੀ ਨਹੀਂ ਕਿ ਉਹ ਗੁਲਾਮ ਵਜੋਂ ਜਨਮਿਆ; ਪਰ ਉਹ ਗੁਲਾਮ, ਜੋ ਨਾ ਕੇਵਲ ਆਪਣੀ ਆਜ਼ਾਦੀ ਦੀ ਲਾਲਸਾ ਤੋਂ ਮੂੰਹ ਮੋੜਦਾ ਹੈ, ਸਗੋਂ ਆਪਣੇ ਗੁਲਾਮੀ ਦੇ ਹਾਲਾਤਾਂ ਨੂੰ ਜਾਇਜ਼ ਠਹਿਰਾਉਂਦਾ ਅਤੇ ਸੁੰਦਰ ਬਣਾਕੇ ਪੇਸ਼ ਕਰਦਾ ਹੈ (ਉਦਾਹਰਨ ਵਜੋਂ, ਪੋਲੈਂਡ, ਯੂਕਰੇਨ ਆਦਿ ਦੇ ਦਮਨ ਨੂੰ ਵਤਨ ਦੀ ਰੱਖਿਆ ਕਹਿੰਦਾ ਹੈ), — ਐਸਾ ਗੁਲਾਮ ਜਾਇਜ਼ ਤੌਰ 'ਤੇ ਗੁੱਸੇ, ਤਿਰਸਕਾਰ ਅਤੇ ਘ੍ਰਿਣਾ ਦੀ ਭਾਵਨਾ ਪੈਦਾ ਕਰਨ ਵਾਲਾ ਇੱਕ ਚਾਪਲੂਸ ਤੇ ਅਸਭਿਆ ਵਿਅਕਤੀ ਹੁੰਦਾ ਹੈ।' -ਲੈਨਿਨ

**ਰੂਸੀਆਂ ਦੀ ਕੌਮੀ ਸ਼ਾਨ ਬਾਰੇ 1914**

'ਜਿੱਥੇ ਵੀ ਤੁਸੀਂ ਵੇਖੋ -ਹਰ ਕਦਮ 'ਤੇ ਐਹੋ ਜਿਹੇ ਮਸਲੇ ਮਿਲਦੇ ਹਨ, ਜਿਨ੍ਹਾਂ ਨੂੰ ਮਨੁੱਖਤਾ ਤੁਰੰਤ ਹੀ ਹੱਲ ਕਰਨ ਦੇ ਯੋਗ ਹੈ।ਰੁਕਾਵਟ ਪੈਦਾ ਕਰਦਾ ਹੈ ਪੂੰਜੀਵਾਦ। ਇਸ ਨੇ ਧਨ ਦੇ ਢੇਰ ਇਕੱਠੇ ਕਰ ਲਏ ਹਨ — ਅਤੇ ਲੋਕਾਂ ਨੂੰ ਇਸ ਧਨ ਦਾ ਗੁਲਾਮ ਬਣਾ ਦਿੱਤਾ ਹੈ।ਇਸ ਨੇ ਤਕਨਾਲੋਜੀ ਦੇ ਸਭ ਤੋਂ ਜਟਿਲ ਪ੍ਰਸ਼ਨਾਂ ਨੂੰ ਹੱਲ ਕਰ ਲਿਆ ਹੈ — ਪਰ ਤਕਨੀਕੀ ਸੁਧਾਰਾਂ ਨੂੰ ਜੀਵਨ ਵਿੱਚ ਲਾਗੂ ਕਰਨ ਨੂੰ ਰੋਕ ਦਿੱਤਾ ਹੈ, ਲੱਖਾਂ ਲੋਕਾਂ ਦੀ ਗਰੀਬੀ ਅਤੇ ਅਗਿਆਨਤਾ ਕਾਰਨ, ਅਤੇ ਕੁਝ ਗਿਣਤੀ ਦੇ ਕਰੋੜਪਤੀਆਂ ਦੀ ਮੂਰਖ ਕੰਜੂਸੀ ਕਾਰਨ।' -ਲੈਨਿਨ

**ਸੱਭਿਆਚਾਰਕ ਬਰਬਰਤਾ ਵਿੱਚੋਂ 1913**

'ਪੂੰਜੀਵਾਦੀ ਸਮਾਜ ਵਿੱਚ ਤਕਨਾਲੋਜੀ ਅਤੇ ਵਿਗਿਆਨ ਦੀ ਤਰੱਕੀ ਦਾ ਅਰਥ ਹੈ ਮਜ਼ਦੂਰ ਤੋਂ ਪਸੀਨਾ ਨਿਕਲਵਾਉਣ ਦੀ ਕਲਾ ਵਿੱਚ ਤਰੱਕੀ।ਮਜ਼ਦੂਰ ਨੂੰ ਪਹਿਲਾਂ ਕੁਝ ਵਾਧਾ ਮਿਲਦਾ ਹੈ, ਪਰ ਫਿਰ ਸੈਂਕੜੇ ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ; ਬਾਕੀ ਰਹਿ ਗਏ ਮਜ਼ਦੂਰ ਕਈ ਗੁਣਾ ਵੱਧ ਤੀਬਰਤਾ ਨਾਲ ਕੰਮ ਕਰਨ ਲਈ ਮਜਬੂਰ ਹੁੰਦੇ ਹਨ, ਆਪਣੇ ਆਪ ਨੂੰ ਥਕਾ ਦੇਣ ਵਾਲੇ ਕੰਮ ਵਿੱਚ ਝੋਂਕ ਦਿੰਦੇ ਹਨ। ਪੂੰਜੀ ਸਿਰਫ਼ ਨੌਜਵਾਨ ਅਤੇ ਤਾਕਤਵਰ ਲੋਕਾਂ ਨੂੰ ਹੀ ਲੈਂਦੀ ਹੈ, ਅਤੇ ਵਿਗਿਆਨ ਦੇ ਸਾਰੇ ਨਿਯਮਾਂ ਅਨੁਸਾਰ ਉਨ੍ਹਾਂ ਵਿੱਚੋਂ ਆਖਰ ਤੱਕ ਸਾਰੀ ਤਾਕਤ ਕੱਢ ਲੈਂਦੀ ਹੈ।' -ਲੈਨਿਨ

**ਰੂਸ ਵਿੱਚ ਸਰਮਾਏਦਾਰੀ ਦਾ ਵਿਕਾਸ**

'ਸਵਾਲ ਸਿਰਫ਼ ਇਸ ਤਰ੍ਹਾਂ ਹੈ : ਬੁਰਜੁਆਜ਼ੀ ਜਾਂ ਸਮਾਜਵਾਦੀ ਵਿਚਾਰਧਾਰਾ।ਵਿਚਕਾਰ ਕੋਈ ਰਸਤਾ ਨਹੀਂ ਹੈ (ਕਿਉਂਕਿ ਮਨੁੱਖਤਾ ਨੇ ਕਿਸੇ ਵੀ ਤੀਜੀ ਵਿਚਾਰਧਾਰਾ ਨੂੰ ਜਨਮ ਨਹੀਂ ਦਿੱਤਾ, ਅਤੇ ਆਮ ਤੌਰ 'ਤੇ ਵਰਗੀ ਵਿਰੋਧਾਂ ਨਾਲ ਚੀਰੇ ਹੋਏ ਸਮਾਜ ਵਿੱਚ ਨਾ ਕੋਈ ਵਰਗ-ਰਹਿਤ ਅਤੇ ਨਾ ਹੀ ਵਰਗਾਂ ਤੋਂ ਉੱਪਰ ਕੋਈ ਵਿਚਾਰਧਾਰਾ ਹੋ ਸਕਦੀ ਹੈ)।ਇਸ ਲਈ ਸਮਾਜਵਾਦੀ ਵਿਚਾਰਧਾਰਾ ਨੂੰ ਘੱਟ ਅੰਕਣਾ, ਜਾਂ ਉਸ ਤੋਂ ਦੂਰ ਹੋਣਾ, ਅਸਲ ਵਿੱਚ ਬੁਰਜੁਆਜ਼ੀ ਵਿਚਾਰਧਾਰਾ ਨੂੰ ਹੀ ਮਜ਼ਬੂਤ ਕਰਨਾ ਹੁੰਦਾ ਹੈ।' -ਲੈਨਿਨ

**ਕੀ ਕਰੀਏ ?**

1902'ਜਦ ਤੱਕ ਸਮਾਜ ਵਿੱਚ ਜਮਾਤਾਂ ਦਾ ਅੰਤ ਨਹੀਂ ਹੁੰਦਾ, ਆਜ਼ਾਦੀ ਅਤੇ ਸਮਾਨਤਾ ਬਾਰੇ ਹਰ ਵਿਚਾਰ ਵਿੱਚ ਇਹ ਮੂਲ ਸਵਾਲ ਅਟੱਲ ਤੌਰ 'ਤੇ ਉੱਠਣਾ ਹੀ ਚਾਹੀਦਾ ਹੈ: ਆਜ਼ਾਦੀ ਕਿਹੜੇ ਵਰਗ ਲਈ ਹੈ, ਅਤੇ ਕਿਹੜੇ ਰੂਪ ਵਿੱਚ ਇਸਦੀ ਵਰਤੋਂ ਹੁੰਦੀ ਹੈ? ਸਮਾਨਤਾ ਕਿਹੜੇ ਵਰਗ ਦੀ ਕਿਸ ਨਾਲ ਹੈ, ਅਤੇ ਕਿਹੜੇ ਰਿਸ਼ਤਿਆਂ ਸੰਦਰਭ ਵਿੱਚ? ਇਨ੍ਹਾਂ ਸਵਾਲਾਂ ਨੂੰ ਟਾਲਣਾ — ਭਾਵੇਂ ਸਿੱਧੇ ਤੌਰ 'ਤੇ ਹੋਵੇ ਜਾਂ ਟੇਢੇ ਤੌਰ 'ਤੇ, ਚਾਹੇ ਜਾਣਬੁੱਝ ਕੇ ਜਾਂ ਅਣਜਾਣੇ ਵਿੱਚ — ਅੰਤ ਵਿੱਚ ਬੁਰਜੁਆਜ਼ੀ ਦੇ ਹਿੱਤਾਂ, ਪੂੰਜੀ ਦੇ ਹਿੱਤਾਂ ਅਤੇ ਸ਼ੋਸ਼ਕ ਤਾਕਤਾਂ ਦੇ ਹਿੱਤਾਂ ਦੀ ਹੀ ਰਾਖੀ ਕਰਨਾ।'-ਲੈਨਿਨ

**ਪ੍ਰੋਲੇਤਾਰੀ ਇਨਕਲਾਬ ਤੇ ਭਗੌੜਾ ਕਾਊਟਸਕੀ ਵਿੱਚੋਂ**

'ਉਜਰਤੀ ਗੁਲਾਮੀ ਵਾਲੇ ਸਮਾਜ ਵਿੱਚ ਨਿਰਪੱਖ ਵਿਗਿਆਨ ਦੀ ਉਮੀਦ ਕਰਨਾ , ਫੈਕਟਰੀ ਮਾਲਕਾਂ ਤੋਂ ਨਿਰਪੱਖਤਾ ਦੀ ਉਮੀਦ ਕਰਨ ਵਾਂਗ ਮੂਰਖਤਾਪੂਰਨ ਭੋਲਾਪਣ ਹੈ। ਸਵਾਲ ਤਾਂ ਇਹ ਹੈ, 'ਕੀ ਸਾਨੂੰ ਪੂੰਜੀ ਦੇ ਮੁਨਾਫ਼ੇ ਨੂੰ ਘਟਾ ਕੇ, ਮਜ਼ਦੂਰਾਂ ਦੀਆਂ ਉਜਰਤਾਂ ਨਹੀਂ ਵਧਾਉਣੀਆਂ ਚਾਹੀਦੀਆਂ?' -ਲੈਨਿਨ

'ਅਸੀਂ ਤਦ ਹੀ ਸਹੀ ਮਾਅਨਿਆਂ ਵਿੱਚ ਜਿੱਤ ਹਾਸਲ ਕਰਨਾ ਸਿੱਖ ਪਾਵਾਂਗੇ, ਜਦੋਂ ਅਸੀਂ ਆਪਣੀਆਂ ਹਾਰਾਂ ਅਤੇ ਕਮਜ਼ੋਰੀਆਂ ਨੂੰ ਨਿਡਰ ਹੋ ਕੇ ਸਵੀਕਾਰ ਕਰਨਾ ਸਿੱਖ ਲਵਾਂਗੇ, ਜਦੋਂ ਅਸੀਂ ਸੱਚਾਈ -ਭਾਵੇਂ ਉਹ ਕਿੰਨੀ ਵੀ ਕਠੋਰ ਅਤੇ ਦੁਖਦਾਈ ਕਿਉਂ ਨਾ ਹੋਵੇ -ਨੂੰ ਅੱਖਾਂ ਵਿੱਚ ਅੱਖਾਂ ਪਾ ਕੇ ਦੇਖ ਸਕਣ ਦੀ ਹਿੰਮਤ ਕਰ ਸਕਾਂਗੇ।' -ਲੈਨਿਨ

ਇੱਕ ਪ੍ਰੋਗਰਾਮ ਇੱਕ ਸੰਖੇਪ, ਸਪੱਸ਼ਟ ਅਤੇ ਸਹੀ ਬਿਆਨ ਹੁੰਦਾ ਹੈ ਉਹਨਾਂ ਸਾਰੀਆਂ ਚੀਜ਼ਾਂ ਦਾ, ਜਿਨ੍ਹਾਂ ਲਈ ਇੱਕ ਪਾਰਟੀ ਕੋਸ਼ਿਸ਼ ਕਰ ਰਹੀ ਹੁੰਦੀ ਹੈ ਅਤੇ ਲੜ ਰਹੀ ਹੁੰਦੀ ਹੈ। — ਵੀ. ਆਈ. ਲੈਨਿਨ

**ਪੇਸ਼ਕਸ਼ : ਡਾਕਟਰ ਇੰਦਰਵੀਰ ਗਿੱਲ**
**ਸੰਪਰਕ : 98140-38380**

# ਧਰਤੀ ਬਨਾਮ ਪਲਾਸਟਿਕ

ਪ੍ਰਿੰ. ਹਰੀ ਕ੍ਰਿਸ਼ਨ ਮਾਇਰ

ਧਰਤੀ ਨੂੰ ਮਾਂ ਦਾ ਰੁਤਬਾ ਹਾਸਿਲ ਹੈ।ਇਹ ਇੱਕੋ-ਇਕ ਗ੍ਰਹਿ ਹੈ, ਜਿਸ ਉੱਤੇ ਜ਼ਿੰਦਗੀ ਧੜਕਦੀ ਹੈ।ਜੀਵ-ਜੰਤੂ ਘੁੱਗੀਂ ਵੱਸਦੇ ਹਨ।ਇਨ੍ਹਾਂ ਦੀ ਸੁਰੱਖਿਆ ਖ਼ਾਤਰ ਕੁਦਰਤ ਨੇ ਧਰਤੀ ਦੁਆਲੇ, ਗੈਸਾਂ ਦਾ ਇਕ ਵੱਡਾ ਚੰਦੋਆ ਤਾਣ ਦਿੱਤਾ ਹੈ।ਜ਼ਿੰਦਗੀ ਨੂੰ ਵਿਗਸਣ, ਮੌਲਣ ਲਈ ਕੁਦਰਤ ਨੇ ਆਕਸੀਜਨ, ਕਾਰਬਨ, ਊਰਜਾ ਅਤੇ ਪਾਣੀ ਦੇ ਭੰਡਾਰੇ ਭਰ ਦਿੱਤੇ ਹਨ।ਸਭ ਤੋਂ ਵੱਧ ਅਕਲ ਵਾਲਾ ਪ੍ਰਾਣੀ 'ਮਨੁੱਖ' ਵੀ ਇਸੇ ਧਰਤੀ 'ਤੇ ਰਹਿੰਦਾ ਹੈ।ਹਰ ਰੋਜ਼ ਪੜ੍ਹੀਦਾ-ਸੁਣੀਦਾ ਹੈ ਕਿ ਮਨੁੱਖ ਕੁਦਰਤ ਦੀਆਂ ਨਿਆਮਤਾਂ ਨੂੰ ਮੁਫ਼ਤ ਦਾ ਮਾਲ ਸਮਝ ਕੇ ਦੋਹੀਂ ਹੱਥੀਂ ਲੁੱਟ ਰਿਹਾ ਹੈ।ਇਨ੍ਹਾਂ ਨੂੰ ਰੱਜ ਕੇ ਪਲੀਤ ਕਰ ਰਿਹਾ ਹੈ।

**ਧਰਤੀ ਬਨਾਮ ਪਲਾਸਟਿਕ:** ਵਿਸ਼ਵ ਭਰ ਦੇ ਮੁਲਕਾਂ ਦੀਆਂ ਸਰਗਰਮੀਆਂ ਇਸ ਵਰ੍ਹੇ ਇੱਕੋ ਇਕ ਥੀਮ: Planet Vs Plastics (ਗ੍ਰਹਿ ਧਰਤੀ ਬਨਾਮ ਪਲਾਸਟਿਕ) ਦੁਆਲੇ ਹੀ ਨੂੰ ਆਯੋਜਿਤ ਕੀਤੀਆ ਜਾਣਗੀਆਂ। ਇਸ ਵਰ੍ਹੇ ਧਰਤੀ ਦੇ ਵੱਡੇ ਹਿੱਸੇ ਨੂੰ ਪਲਾਸਟਿਕ ਤੋਂ ਮੁਕਤ ਕਰਾਉਣ ਦਾ ਸੰਕਲਪ ਲਿਆ ਗਿਆ ਹੈ। ਮਿਥਿਆ ਗਿਆ ਹੈ ਕਿ ਸੰਨ 2040 ਤੀਕ ਵੱਖ-ਵੱਖ ਪ੍ਰਕਾਰ ਦੇ ਪਲਾਸਟਿਕ ਦੇ ਉਤਪਾਦਨ ਵਿੱਚ 60 ਫੀਸਦੀ ਦੀ ਕਮੀ ਲਿਆਉਣ ਲਈ ਸਾਧਨ ਜੁਟਾਏ ਜਾਣਗੇ।ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਪਲਾਸਟਿਕ ਮੁਕਤ ਭਵਿੱਖ ਸਿਰਜਣ ਦਾ ਸੁਪਨਾ ਦੇਖ ਰਹੇ ਹਾਂ।ਵਿਸ਼ਵ ਪੱਧਰ 'ਤੇ ਧਰਤ ਦਿਵਸ ਦਾ ਆਯੋਜਨ ਕਰਨ ਵਾਲੀ ਸੰਸਥਾ EARTH DAY.ORG ਦੇਸ਼ ਭਰ ਤੋਂ ਸਰਗਰਮ ਲੋਕਾਂ, ਉਦਯੋਗਪਤੀਆਂ ਤੇ ਵਪਾਰੀਆਂ, ਧਾਰਮਿਕ ਆਗੂਆਂ ਅਤੇ ਸਰਕਾਰਾਂ ਨੂੰ ਆਪਣੇ ਪ੍ਰੋਗਰਾਮਾਂ ਵਿੱਚ ਸ਼ਾਮਿਲ ਕਰੇਗੀ ਅਤੇ ਬਣਦਾ ਸਹਿਯੋਗ ਲਵੇਗੀ।

**ਪਲਾਸਟਿਕ ਚੁਣੌਤੀ ਬਣ ਗਿਆ:** ਅਸੀਂ ਹਰ ਸਾਲ ਕਿੰਨੇ ਹੀ ਬਿਲੀਅਨ ਪਲਾਸਟਿਕ ਦੇ ਲਿਫ਼ਾਫ਼ੇ ਇਸਤੇਮਾਲ ਕਰਦੇ ਹਾਂ।ਪਲਾਸਟਿਕ ਦਾ ਕੂੜਾ ਉਤਪੰਨ ਕਰਦੇ ਹਾਂ।ਪਲਾਸਟਿਕ ਦੀ ਵੱਡੀ ਦਿੱਕਤ ਇਹ ਹੈ ਕਿ ਇਕ ਵਾਰ ਪਲਾਸਟਿਕ ਕੂੜਾ ਬਣਕੇ ਵਾਤਾਵਰਣ ਵਿੱਚ ਪਹੁੰਚ ਗਿਆ ਤਾਂ ਜਲਦੀ ਕੀਤੇ ਜੈਵਿਕ ਤਰੀਕੇ ਨਾਲ ਗਲ਼ਦਾ ਨਹੀਂ।ਵਾਤਾਵਰਨ ਵਿੱਚ ਹੀ ਆਪਣਾ ਟਿਕਾਣਾ ਬਣਾ ਲੈਂਦਾ ਹੈ।ਖੋਜੀ ਤਾਂ ਇਹ ਵੀ ਕਹਿੰਦੇ ਨੇ ਕਿ ਕਈ ਢੀਠ ਸੁਭਾਅ ਦੇ ਪਲਾਸਟਿਕ ਹਜ਼ਾਰ ਸਾਲਾਂ ਤੱਕ ਵੀ ਨਹੀਂ ਗਲਦੇ।ਜਦੋਂ ਅਪਘਟਿਤ ਹੁੰਦੇ ਹਨ ਤਾਂ ਮਿੱਟੀ ਵਿੱਚ ਜ਼ਹਿਰਾਂ ਖਿਲਾਰ ਜਾਂਦੇ ਹਨ।ਇਹ ਜ਼ਹਿਰਾਂ ਸਾਡੀ ਭੋਜਨ ਲੜੀ ਤੱਕ ਪੁੱਜ ਜਾਂਦੀਆਂ ਹਨ।ਪਸ਼ੂ ਲਿਫ਼ਾਫ਼ੇ ਨਿਗਲ ਜਾਂਦੇ ਹਨ।ਜੁਆਕਾਂ ਦਾ ਚੱਬ ਕੇ ਸੁੱਟਿਆ ਚਿੰਗਮ ਜਨੌਰਾਂ ਦੀਆਂ ਚੁੰਝਾਂ ਨੂੰ ਜਿੰਦਰਾ ਲਗਾ ਦਿੰਦਾ ਹੈ, ਪਰ ਪਸ਼ੂਆਂ ਅਤੇ ਜਾਨਵਰਾਂ ਨੂੰ ਪਲਾਸਟਿਕ ਕਿੱਥੇ ਹਜ਼ਮ ਹੁੰਦਾ? ਪਸ਼ੂ ਤੜਫਦੇ ਕਰਾਹੁੰਦੇ ਆਖਰ ਮਰ ਮੁੱਕ ਜਾਂਦੇ ਹਨ।ਸਮੁੰਦਰਾਂ 'ਚ ਮੱਛੀਆਂ ਦੇ ਢਿੱਡਾਂ ਵਿੱਚੋਂ ਚੀਰ-ਫਾੜ ਦੌਰਾਨ ਕਿੱਲੋ-ਕਿੱਲੋ ਪਲਾਸਟਿਕ ਕਚਰਾ ਨਿਕਲਦਾ ਹੈ। ਸਿੰਗਲ ਯੂਜ ਪਲਾਸਟਿਕ 'ਚ ਪਾਣੀ ਦੀਆਂ ਖਾਲ਼ੀ ਬੋਤਲਾਂ, ਡਿਸਪੋਜੇਬਲ ਸਰਿੰਜਾਂ, ਸ਼ੀਸ਼ੀਆਂ, ਬਰਤਨ, ਇਸ਼ਤਿਹਾਰ, ਟੇਪਾਂ, ਖਿਡੌਣੇ, ਪੈਕਿੰਗ ਦੇ ਡੱਬੇ ਅਤੇ ਹੋਰ ਕੂੜਾ ਵਾਤਾਵਰਨ ਨੂੰ ਖੋਰਾ ਲਾਉਂਦਾ ਹੈ। ਮਿੱਟੀ ਵਿੱਚ ਦੱਬੇ ਪਲਾਸਟਿਕ ਦੇ ਲਿਫ਼ਾਫ਼ੇ ਬੀਜਾਂ ਨੂੰ ਪੁੰਗਰਨ ਨਹੀਂ ਦਿੰਦੇ।ਪੌਦਿਆਂ ਦੀਆਂ ਜੜ੍ਹਾਂ ਤੀਕ ਸਿੰਚਾਈ ਦਾ ਪਾਣੀ ਨਹੀਂ ਪਹੁੰਚਣ ਦਿੰਦੇ।ਸੈਰ-ਸਪਾਟੇ 'ਤੇ ਆਏ ਲੋਕ ਦਰਿਆਵਾਂ, ਸਮੁੰਦਰਾਂ ਦੇ ਕੰਢੇ ਪੈਕਿੰਗ, ਸਿਗਰਟਾਂ ਦੀਆਂ ਡੱਬੀਆਂ, ਖਿਡੌਣੇ, ਡਿਸਪੋਜ਼ੇਬਲ ਪਲੇਟਾਂ, ਚਮਚੇ,ਗਿਲਾਸ ਖਿਲਾਰ ਜਾਂਦੇ ਹਨ।ਮਛਿਆਰੇ ਜਾਲ , ਕੁੰਡੀਆਂ, ਵੱਦਰੀਆਂ ਸਮੁੰਦਰ ਵਿੱਚ ਛੱਡ ਆਉਂਦੇ ਹਨ।ਸਮੁੰਦਰ ਵਿੱਚ ਇਸ ਸਮੇਂ ਅਕਾਰਬਨਿਕ ਕੂੜੇ ਅਤੇ ਪਲਾਸਟਿਕ ਕਚਰੇ ਦੇ ਢੇਰ ਦੱਬੇ ਪਏ ਹਨ।

**ਕੂੜੇ ਨੂੰ ਠੱਲ੍ਹ ਕਿਵੇਂ ਪਵੇ?:** ਪਲਾਸਟਿਕ ਦੇ ਲਿਫ਼ਾਫ਼ਿਆਂ ਨੂੰ ਰੀਸਾਈਕਲਿੰਗ ਕਰਨ ਦਾ ਤਰੀਕਾ ਬੜਾ ਸਹੀ ਤਰੀਕਾ ਹੈ।ਘਰ ਦੇ ਕੂੜੇ ਲਈ ਤਿੰਨ ਡੱਬੇ ਲਗਾਏ ਜਾਣ।ਪਹਿਲਾ ਆਮ ਘਰੇਲੂ ਕੂੜੇ ਲਈ, ਦੂਜੇ ਡੱਬੇ ਵਿੱਚ ਪਲਾਸਟਿਕ ਕਚਰਾ, ਜੋ ਰੀਸਾਈਕਲ ਹੋਣ ਵਾਲਾ ਹੋਵੇ, ਪਾਇਆ ਜਾਵੇ।ਤੀਜੇ ਡੱਬੇ ਵਿੱਚ ਉਹ ਪਲਾਸਟਿਕ, ਜਿਸ ਨੂੰ ਨਾ ਰੀਸਾਈਕਲ ਕੀਤਾ ਜਾ ਸਕੇ ਨਾ ਹੀ ਜੈਵਿਕ ਤੌਰ 'ਤੇ ਉਹ ਅਪਘਟਿਤ ਹੋ ਸਕੇ, ਪਾਇਆ ਜਾਵੇ।ਸਰਕਾਰ ਨੂੰ ਚਾਹੀਦਾ ਹੈ ਕਿ ਇਸ ਕੂੜੇ ਨੂੰ ਵੱਖਰੇ ਤੌਰ ਕੇ ਇਕੱਠਾ ਕੀਤਾ ਜਾਵੇ ਅਤੇ ਸਮੇਟਿਆ ਜਾਵੇ।ਵੱਧ ਤੋਂ ਵੱਧ ਰੀਸਾਈਕਲਿੰਗ ਯੂਨਿਟ ਲਗਾਏ ਜਾਣ।ਸਥਾਨਕ ਪ੍ਰਸ਼ਾਸਨ ਜਾਂ ਪੰਚਾਇਤਾਂ ਇਸ ਜ਼ੁੰਮੇਵਾਰੀ ਨੂੰ ਸੁਹਿਰਦਤਾ ਨਾਲ ਨਿਭਾਉਣ। ਬੜਾ ਜ਼ਰੂਰੀ ਹੈ ਸਿੰਗਲ ਯੂਜ਼ ਪਲਾਸਟਿਕ ਦਾ ਰੁਝਾਨ ਸਖ਼ਤੀ ਨਾਲ ਖਤਮ ਕੀਤਾ ਜਾਵੇ।ਚੰਗਾ ਹੈ ਜੇ ਲੋਕ ਖ਼ੁਦ ਹੀ ਸਮਝ ਜਾਣ।ਘਰਾਂ ਵਿੱਚ ਪਲਾਸਟਿਕ ਦਾ ਕੂੜਾ ਘੱਟ ਪੈਦਾ ਕੀਤਾ ਜਾਵੇ। ਵੱਧ ਤੋਂ ਵੱਧ ਪਲਾਸਟਿਕ ਕਚਰਾ ਇਕੱਠਾ ਕਰਕੇ ਰੀਸਾਈਕਲਿੰਗ ਯੂਨਿਟਾਂ ਕੋਲ ਪਹੁੰਚਾਇਆ ਜਾਵੇ।

ਪਲਾਸਟਿਕ ਦੇ ਲਿਫ਼ਾਫ਼ਿਆਂ ਬਾਬਤ ਬਣਿਆ ਕਾਨੂੰਨ ਸਖ਼ਤੀ ਨਾਲ ਲਾਗੂ ਕੀਤਾ ਜਾਵੇ।ਪਲਾਸਟਿਕ ਕਚਰੇ ਨੂੰ ਪਾਣੀਆਂ ਵਿੱਚ ਜਾਣ ਜਾਂ ਮਿੱਟੀ ਥੱਲੇ ਦੱਬੇ ਜਾਣ ਤੋਂ ਪਹਿਲਾਂ ਹੀ ਚੁਗ ਲੈਣ ਲਈ ਸ਼ੋਸ਼ਲ ਵਰਕਰਾਂ ਦੀਆਂ ਟੀਮਾਂ ਜ਼ੁੰਮੇਵਾਰੀ ਸੰਭਾਲਣ।ਰੈਲੀਆਂ, ਸੈਮੀਨਾਰਾਂ, ਭਾਸ਼ਣਾਂ, ਬਹਿਸ-ਮੁਬਾਹਸੇ, ਪ੍ਰਦਰਸ਼ਨੀਆਂ ਰਾਹੀਂ ਲੋਕਾਂ ਨੂੰ ਪਲਾਸਟਿਕ ਦੇ ਦੂਰ ਪ੍ਰਭਾਵਾਂ ਬਾਰੇ ਚੇਤੰਨ ਕੀਤਾ ਜਾਵੇ।

ਆਪਣੇ ਆਸ-ਪਾਸ ਦੇ ਪਾਰਕਾਂ ਵਿੱਚ ਫਾਲਤੂ ਘਾਹ-ਫੂਸ ਅਤੇ ਕੂੜੇ ਦੀ ਸਫਾਈ, ਪੌਦੇ ਲਗਾਉਣ ਅਤੇ ਕਿਆਰੀਆਂ ਬਣਾਉਣ ਲਈ ਮੁਹਿੰਮ ਚਲਾਈ ਜਾਵੇ।ਨੇੜੇ ਦੇ ਨਦੀ, ਨਾਲਿਆਂ ਦੇ ਕੰਢਿਆਂ ਤੋਂ ਕੂੜਾ ਚੁੱਕਿਆ ਜਾਵੇ ਅਤੇ ਪੱਕੇ ਪੌਦੇ ਲਗਾਣ ਦੀ ਸ਼ੁਰੂਆਤ ਕੀਤੀ ਜਾਵੇ।ਧਰਤੀ ਨੂੰ ਪਲਾਸਟਿਕ ਮੁਕਤ ਕਰਨ ਲਈ ਵਾਤਾਵਰਨ ਕਰਮੀਆਂ, ਪ੍ਰਬੰਧਕਾਂ ਅਤੇ ਆਮ ਲੋਕਾਂ ਵੱਲੋਂ ਵੱਡੇ ਪੱਧਰ 'ਤੇ ਇਕ ਲਹਿਰ ਉਸਾਰਨ ਦੀ ਲੋੜ ਹੈ।

**ਰੁੱਖਾਂ ਨਾਲ ਸ਼ਿੰਗਾਰੋ ਧਰਤੀ:** ਅੱਜ ਦੇ ਦਿਨ ਧਰਤੀ ਦਾ ਉਸੇ ਤਰ੍ਹਾਂ ਸਤਿਕਾਰ ਕਰੋ, ਜਿਵੇਂ ਤੁਸੀਂ ਆਪਣੀ ਮਾਂ ਦਾ ਸਤਿਕਾਰ ਕਰਦੇ ਹੋ।ਧਰਤੀ 'ਕੱਲੇ ਮਨੁੱਖ ਦੀ ਜਗੀਰ ਨਹੀਂ, ਧਰਤੀ ਸਭਨਾਂ ਜੀਵ-ਜੰਤੂਆਂ ਦਾ ਸਾਂਝਾ ਘਰ ਹੈ।ਧਰਤੀ ਦਿਵਸ ਨੂੰ ਮਾਂ ਦੇ ਜਨਮ ਦਿਨ ਵਾਂਗ ਮਨਾਇਓ। ਕੇਕ ਕੱਟ ਕੇ ਨਹੀਂ, ਸਗੋਂ ਧਰਤੀ ਨੂੰ ਅੱਜ ਰੁੱਖ ਪੌਦੇ ਲਗਾ ਕੇ ਸ਼ਿੰਗਾਰਿਓ।ਕਿੰਨਾ ਚੰਗਾ ਹੋਵੇ ਜੇ ਹਰ ਇਕ ਦਿਨ ਧਰਤੀ ਦਿਵਸ ਹੋਵੇ। ਤੁਸੀਂ ਧਰਤੀ ਪ੍ਰਤੀ ਆਪਣੀ ਜ਼ੁੰਮੇਵਾਰੀ ਨੂੰ ਹਰ ਸਮੇਂ ਚੇਤੇ ਰੱਖ ਸਕੋ।

## ਅਸ਼ੀਰਵਾਦ ਸਕੀਮ ਅਧੀਨ 728.48 ਕਰੋੜ ਰੁਪਏ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ



ਕੌਰ ਨੇ ਦੱਸਿਆ ਕਿ ਮਾਨ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੌਰਾਨ ਅਸ਼ੀਰਵਾਦ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਲਈ 728.48 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ, ਜਿਸ ਨਾਲ 1.43 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਸਿੱਧਾ ਲਾਭ ਮਿਲਿਆ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਅਸ਼ੀਰਵਾਦ ਸਕੀਮ ਗਰੀਬ ਪਰਵਾਰਾਂ ਲਈ ਇੱਕ ਮਜ਼ਬੂਤ ਸਹਾਰਾ ਬਣ ਕੇ ਉਭਰੀ ਹੈ, ਜਿਸ ਨਾਲ ਧੀਆਂ ਦੇ ਵਿਆਹ ਸਮੇਂ ਪਰਵਾਰਾਂ ਉੱਤੇ ਪੈਣ ਵਾਲਾ ਆਰਥਿਕ ਬੋਝ ਘੱਟ ਹੋਇਆ ਹੈ।ਉਨ੍ਹਾਂ ਦੱਸਿਆ ਕਿ ਇੱਕ ਪਰਿਵਾਰ ਦੀਆਂ ਦੋ ਧੀਆਂ ਦੇ ਵਿਆਹ ਲਈ ਇਸ ਸਕੀਮ ਤਹਿਤ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਵੱਡੀ ਰਾਹਤ ਮਿਲ ਰਹੀ ਹੈ।ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜਿਕ ਨਿਆਂ ਅਤੇ ਲੋਕ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ ਹਰ ਧੀ ਦੇ ਚਿਹਰੇ ’ਤੇ ਮੁਸਕਾਨ ਲਿਆਉਣਾ ਅਤੇ ਹਰ ਪਰਵਾਰ ਨੂੰ ਮਜ਼ਬੂਤ ਬਣਾਉਣਾ ਹੈ।

## ਸਿੱਖਿਆ ਕ੍ਰਾਂਤੀ ਨੇ ਬਦਲੀ ਸਰਕਾਰੀ ਸਕੂਲਾਂ ਦੀ ਨੁਹਾਰ : ਹਰਜੋਤ ਬੈਂਸ

**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਕੀਤੇ ਜਾ ਰਹੇ ਕ੍ਰਾਂਤੀਕਾਰੀ ਉਪਰਾਲਿਆਂ ਦੇ ਨਤੀਜੇ ਹੁਣ ਸਾਫ਼ ਤੌਰ ’ਤੇ ਵੇਖਣ ਨੂੰ ਮਿਲ ਰਹੇ ਹਨ।



ਸਰਕਾਰੀ ਸਕੂਲਾਂ ਦੀ ਬਦਲੀ ਹੋਈ ਨੁਹਾਰ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੇ ਸਿੱਖਿਆ ਪ੍ਰਣਾਲੀ ਨੂੰ ਨਵੀਂ ਦਿਸ਼ਾ ਦਿੱਤੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਿਭੌਰ ਸਾਹਿਬ ਵਿਖੇ ਕੀਤਾ।ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਸਿਰਫ਼ ਸਕੂਲਾਂ ਦੀ ਮੁਰੰਮਤ ਕਰਨਾ ਨਹੀਂ, ਸਗੋਂ ਉਨ੍ਹਾਂ ਨੂੰ ਐਸਾ ਆਧੁਨਿਕ ਰੂਪ ਦੇਣਾ ਹੈ ਜੋ ਮਾਡਲ ਅਤੇ ਕਾਨਵੈਂਟ ਸਕੂਲਾਂ ਨੂੰ ਟੱਕਰ ਦੇ ਸਕਣ। ਉਨ੍ਹਾਂ ਦੱਸਿਆ ਕਿ ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਨਵੇਂ ਲੈਬ, ਖੇਡ ਮੈਦਾਨ ਅਤੇ ਸੁਵਿਧਾਜਨਕ ਢਾਂਚੇ ਤਿਆਰ ਕਰਕੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਇਆ ਜਾ ਰਿਹਾ ਹੈ। ਇਸ ਨਾਲ ਨਾ ਸਿਰਫ਼ ਪੜ੍ਹਾਈ ਦਾ ਮਿਆਰ ਉੱਚਾ ਹੋਇਆ ਹੈ, ਸਗੋਂ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ ਵੀ ਵਧਿਆ ਹੈ। ਇਸ ਮੌਕੇ ਸਿੱਖਿਆ ਮੰਤਰੀ ਵੱਲੋਂ ਲਗਭਗ 8 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਐਨ ਐਸ ਕਿਊ ਐਫ ਲੈਬ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇਸ ਸਕੂਲ ਵਿੱਚ ਕਰੀਬ 43 ਲੱਖ ਰੁਪਏ ਦੇ ਵਿਕਾਸ ਕਾਰਜ ਕਰਵਾਏ ਗਏ ਹਨ।ਸਮਾਗਮ ਦੌਰਾਨ ਹਰਜੋਤ ਸਿੰਘ ਬੈਂਸ ਨੇ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ ਆਪਣੇ ਜੀਵਨ ਦੇ ਤਜਰਬੇ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਮਿਹਨਤ ਅਤੇ ਲਗਨ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਆਉਣ ਵਾਲੇ ਸਮੇਂ ਵਿੱਚ ਵੀ ਸਿੱਖਿਆ ਖੇਤਰ ਨੂੰ ਹੋਰ ਮਜ਼ਬੂਤ ਬਣਾਉਣ ਲਈ ਵਚਨਬੱਧ ਰਹੇਗੀ।ਇਸ ਮੌਕੇ ਡਾ. ਸੰਜੀਵ ਗੌਤਮ ਜਿਲ੍ਹਾ ਪ੍ਰਧਾਨ, ਪੱਮੂ ਢਿੱਲੋਂ, ਨਿਤਿਨ ਰਣਜੀਤ ਸਿੰਘ, ਮਨਜੀਤ ਸਿੰਘ, ਗੁਰਮੀਤ ਸਿੰਘ, ਰਜਤ, ਦੀਪੂ ਬਾਸ, ਸਤਪਾਲ ਸਿੰਘ, ਪ੍ਰਿੰ. ਬਲਜੀਤ ਕੌਰ, ਅੰਜੂ ਸ਼ਰਮਾ, ਗੀਨਾ ਅਰੋੜਾ, ਚਰਨਜੀਤ ਕੌਰ, ਨਿਸ਼ਾ, ਰੰਜਨਾ, ਕ੍ਰਿਸ਼ਨ ਦੇਵ, ਸਪਨਾ, ਰਾਜ ਰਾਣੀ ਹਾਜ਼ਰ ਸਨ।

## ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖਿਆ ਦੇ ਖੇਤਰ ’ਚ ਗੱਡੇ ਨਵੇਂ ਮੀਲ ਪੱਥਰ : ਚੱਬੇਵਾਲ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਨੇੜਲੇ ਪਿੰਡ ਬਿਛੋਹੀ ਦੇ ਸਰਕਾਰੀ ਹਾਈ ਸਕੂਲ ਵਿਖੇ ਨਵੀਂ ਬਣੀ ਲਾਇਬ੍ਰੇਰੀ, ਸਾਇੰਸ ਲੈਬ ਅਤੇ ਨਵੇਂ ਬਣਾਏ ਕਲਾਸ ਰੂਮ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਅੰਦਰ ਸਿੱਖਿਆ ਦੇ ਖੇਤਰ ਵਿਚ ਨਵੇਂ ਮੀਲ ਪੱਥਰ ਸਥਾਪਿਤ ਕੀਤੇ ਹਨ ਜਿਨ੍ਹਾਂ ਸਦਕਾ ਪੰਜਾਬ ਦੇ ਸਰਕਾਰੀ ਸਕੂਲ ਪੜ੍ਹਾਈ ਵਿਚ ਦੇਸ਼ ਭਰ ਵਿਚ ਮੋਹਰੀ ਰਹੇ ਹਨ। ਸਰਕਾਰੀ ਹਾਈ ਸਕੂਲ ਪਿੰਡ ਬਿਛੋਹੀ ਵਿਖੇ 11 ਲੱਖ ਰੁਪਏ ਦੀ ਲਾਗਤ ਨਾਲ ਬਣੀ ਲਾਇਬ੍ਰੇਰੀ, 9 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਗਈ ਸਾਇੰਸ ਲੈਬੋਰਟਰੀ ਅਤੇ 7.55 ਲੱਖ ਰੁਪਏ ਦੇ ਖਰਚ ਨਾਲ ਬਣਿਆ ਐਡੀਸ਼ਨਲ ਕਲਾਸ ਰੂਮ ਵਿਦਿਆਰਥੀਆਂ ਨੂੰ ਸਮਰਪਿਤ ਕਰਨ ਵੇਲੇ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਕੂਲ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਨਾਲ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਹੋਰ ਵਧੀਆ ਮੌਕੇ ਮਿਲਣਗੇ ਅਤੇ ਇਹ ਸਹੂਲਤਾਂ ਭਵਿੱਖ ਵਿਚ ਵਿਦਿਆਰਥੀਆਂ ਦੇ ਬਹੁਤ ਕੰਮ ਆਉਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਕੂਲਾਂ ਦੇ ਵਿਦਿਆਰਥੀਆਂ ਦੀ ਸਹੂਲਤ ਲਈ ਇਕ ਲੱਖ ਤੋਂ ਵੱਧ ਡੈਸਕ ਮੁਹੱਈਆ ਕਰਵਾਏ ਗਏ ਹਨ ਤਾਂ ਜੋ ਵਿਦਿਆਰਥੀਆਂ ਨੂੰ ਸੁਖਾਲੇ ਢੰਗ ਨਾਲ ਪੜ੍ਹਾਈ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣ। ਉਨ੍ਹਾਂ ਦੱਸਿਆ ਕਿ ਬਿਛੋਹੀ ਸਕੂਲ ਵਿਖੇ 5 ਨਵੇਂ ਕੰਪਿਊਟਰ ਅਤੇ 2 ਡਿਜ਼ਟਲ ਸਕਰੀਨਾਂ ਵੀ ਵਿਦਿਆਰਥੀਆਂ ਨੂੰ ਸਮਰਪਿਤ ਕੀਤੀਆਂ ਗਈਆਂ।ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਦੱਸਿਆ ਕਿ ਚੱਬੇਵਾਲ ਵਿਧਾਨ ਸਭਾ ਹਲਕੇ ਵਿਚ ਸਕੂਲਾਂ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਦੇ ਨਾਲ-ਨਾਲ ਸਿੱਖਿਆ ਸਬੰਧੀ ਹਰ ਸਹੂਲਤ ਯਕੀਨੀ ਬਣਾਈ ਜਾ ਰਹੀ ਹੈ ਤਾਂ ਜੋ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਆਧੁਨਿਕ ਢੰਗ ਨਾਲ ਸਿੱਖਿਆ ਹਾਸਲ ਕਰ ਸਕਣ।



## ਸੂਬੇ ਦੀਆਂ ਮੰਡੀਆਂ ’ਚ 41.13 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ : ਬਰਸਟ

**ਮੁਹਾਲੀ (ਗੁਰਜੀਤ ਬਿੱਲਾ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਹਾੜ੍ਹੀ ਸੀਜ਼ਨ 2026-27 ਦੌਰਾਨ ਸੂਬੇ ਦੀਆਂ ਮੰਡੀਆਂ ਵਿੱਚ ਚੱਲ ਰਹੇ ਕਣਕ ਦੇ ਖਰੀਦ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਬਰਸਟ ਨੇ ਦੱਸਿਆ ਕਿ ਸੂਬੇ ਦੀਆਂ ਮੰਡੀਆ ਵਿੱਚ ਕਣਕ ਦੀ ਆਮਦ ਅਤੇ ਖਰੀਦ ਦੇ ਕਾਰਜ ਜ਼ੋਰਾਂ ਨਾਲ ਚੱਲ ਰਹੇ ਹਨ। ਮੰਡੀਆਂ ਵਿੱਚ ਕੀਤੇ ਪ੍ਰਬੰਧਾਂ ਸਦਕਾ ਕਿਸੇ ਨੂੰ ਵੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾ ਰਹੀ। ਹਾੜ੍ਹੀ ਸੀਜ਼ਨ ਦੌਰਾਨ ਕਣਕ ਦੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਹੋ ਚੁੱਕੀ ਹੈ। ਮੰਡੀਆਂ ਵਿੱਚ ਕਣਕ ਦੀ ਆਮਦ ਸ਼ੁਰੂ ਵਿੱਚ ਘੱਟ ਸੀ, ਪਰ ਹੁਣ ਆਮਦ ਤੇਜੀ ਨਾਲ ਹੋ ਰਹੀ ਹੈ ਅਤੇ ਖਰੀਦ ਦੇ ਕਾਰਜ਼ ਵੀ ਜ਼ੋਰਾਂ ਨਾਲ ਚੱਲ ਰਹੇ ਹਨ।ਚੇਅਰਮੈਨ ਨੇ ਦੱਸਿਆ ਕਿ ਸੂਬੇ ਦੀਆਂ ਮੰਡੀਆਂ ਵਿੱਚ ਹੁਣ ਤੱਕ 41.13 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ 35.25 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ, ਜਿਸ ਵਿੱਚੋਂ 35.17 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਸਰਕਾਰੀ ਏਜੰਸੀਆਂ ਵੱਲੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 19 ਅਪ੍ਰੈਲ ਨੂੰ ਸੂਬੇ ਦੀਆਂ ਮੰਡੀਆਂ ਵਿੱਚ 11.15 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਅਤੇ 11.27 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ। ਚੇਅਰਮੈਨ ਨੇ ਦੱਸਿਆ ਕਿ ਕਣਕ ਦੀ ਖਰੀਦ ਵਾਸਤੇ ਸੂਬੇ ਨੂੰ 30,973 ਕਰੋੜ ਰੁਪਏ ਦੀ ਸੀ.ਸੀ.ਐਲ. ਪ੍ਰਾਪਤ ਹੋਈ ਹੈ। ਕਿਸਾਨਾਂ ਨੂੰ ਲਗਭਗ 1818 ਕਰੋੜ ਰੁਪਏ ਦੀ ਅਦਾਇਗੀ ਉਹਨਾਂ ਦੇ ਬੈਂਕ ਖਾਤੀਆਂ ਵਿੱਚ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਸਮੂਹ ਮੰਡੀਆਂ ਵਿੱਚ ਕਣਕ ਦੀ ਖਰੀਦ ਲਈ ਪੁੱਖਤਾ ਪ੍ਰਬੰਧ ਕੀਤੇ ਗਏ ਹਨ।

## ਤੇਗਬੀਰ ਸਿੰਘ ਨੇ ਬਣਾਇਆ ਨਵਾਂ ਵਿਸ਼ਵ ਰਿਕਾਰਡ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸੁਖਿੰਦਰ ਸਿੰਘ ਤੇ ਡਾਕਟਰ ਮਨਪ੍ਰੀਤ ਕੌਰ ਦੇ ਹੋਣਹਾਰ ਸਪੁੱਤਰ ਤੇਗਬੀਰ ਸਿੰਘ ਨੇ ਨੇਪਾਲ ਵਿਖੇ ਅੰਨਪੂਰਨਾ ਸਰਕਟ ਫ਼ਤਿਹ ਕਰਕੇ ਨਵਾਂ ਵਿਸ਼ਵ ਰਿਕਾਰਡ ਬਣਾਇਆ ਹੈ। 18 ਅਪ੍ਰੈਲ ਨੂੰ ਸਵੇਰੇ 9:25 ਵਜੇ ਉਹ ਥੋਰੋਂਗ ਲਾ ਪਾਸ (5416 ਮੀਟਰ/17769 ਫੁੱਟ) ’ਤੇ ਪਹੁੰਚਿਆ, ਜੋ ਅੰਨਪੂਰਨਾ ਸਰਕਟ ਦਾ ਸਭ ਤੋਂ ਉੱਚਾ ਬਿੰਦੂ ਹੈ। ਕਰੀਬ 235 ਕਿਲੋਮੀਟਰ ਲੰਬੇ ਇਸ ਸਰਕਟ ਨੂੰ ਤੇਗਬੀਰ ਸਿੰਘ ਨੇ ਸਿਰਫ਼ 7 ਸਾਲ 6 ਮਹੀਨੇ ਦੀ ਉਮਰ ਵਿੱਚ ਪੂਰਾ ਕਰਕੇ ਵਿਸ਼ਵ ਪੱਧਰ ’ਤੇ ਨਵੀਂ ਮਿਸਾਲ ਕਾਇਮ ਕੀਤੀ ਹੈ।ਇਸ ਇਤਿਹਾਸਕ ਪ੍ਰਾਪਤੀ ਮੌਕੇ ਤੇਗਬੀਰ ਸਿੰਘ ਅਤੇ ਉਸ ਦੇ ਪਿਤਾ ਸੁਖਿੰਦਰ ਸਿੰਘ ਨੇ ਕੋਚ, ਪਰਵਾਰਕ ਮੈਂਬਰਾਂ ਤੇ ਮਿੱਤਰ ਸਨੇਹੀਆਂ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਸਾਰਿਆਂ ਦੀਆਂ ਅਸੀਸਾਂ ਅਤੇ ਸਹਿਯੋਗ ਸਦਕਾ ਇਹ ਉਪਲਬਧੀ ਸੰਭਵ ਹੋ ਸਕੀ ਹੈ।ਤੇਗਬੀਰ ਸਿੰਘ ਦੀ ਇਸ ਵਿਸ਼ੇਸ਼ ਪ੍ਰਾਪਤੀ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਰੂਪਨਗਰ ਤੋਂ ਵਿਧਾਇਕ ਦਿਨੇਸ਼ ਚੱਢਾ, ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ, ਐਗਜ਼ੈਕਟਿਵ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਸਿੱਖ ਮਿਸ਼ਨ ਕਾਲਜ ਦੇ ਪ੍ਰਿੰਸੀਪਲ ਚਰਨਜੀਤ ਸਿੰਘ, ਇਸਤਰੀ ਸਤਿਸੰਗ ਸਭਾ ਦੀ ਪ੍ਰਧਾਨ ਗੁਰਚਰਨ ਕੌਰ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਜਥੇਦਾਰ ਸੰਤੋਖ ਸਿੰਘ, ਅਕਾਲੀ ਦਲ ਦੀ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਅਤੇ ਫਿੱਟਨੈੱਸ ਕੋਚ ਕਿਰਨ ਸੋਢੀ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।

## ਕਬਾੜ ਦੇ ਗੋਦਾਮ ’ਚ ਲੱਗੀ ਅੱਗ, ਲੱਖਾਂ ਦਾ ਸਾਮਾਨ ਸੜ ਕੇ ਸੁਆਹ



**ਫਿਲੌਰ (ਨਿਰਮਲ)**- ਫਿਲੌਰ ਅਕਲਪੁਰ ਰੋਡ ਤੇ ਸਥਿਤ ਕਬਾੜ ਦੀ ਵੱਡੀ ਦੁਕਾਨ ਦੇ ਗੋਦਾਮ ਵਿੱਚ ਅਚਾਨਕ ਅੱਗ ਲੱਗ ਗਈ,ਜਿਸ ਦੀ ਲਪਟਾ ਇਨੀਆਂ ਤੇਜ ਸਨ ਕਿ ਪੂਰੇ ਮੁਹੱਲੇ ਦੇ ਲੋਕ ਉਸ ਥਾਂ ਤੇ ਇਕੱਠੇ ਹੋ ਗਏ। ਅੱਗ ਲੱਗਣ ਦੀ ਖ਼ਬਰ ਮਿਲਦਿਆਂ ਹੀ ਫਾਇਰ ਬ੍ਰਿਗੇਡ ਫਿਲੌਰ ਤੋਂ ਫਾਇਰ ਮੈਨ ਤੁਰੰਤ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਲੈ ਕੇ ਘਟਨਾ ਸਥਾਨ ਤੇ ਪਹੁੰਚ ਗਏ ਤੇ ਅੱਗ ਤੇ ਕਾਬੂ ਪਾਉਣਾ ਸ਼ੁਰੂ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਗੋਦਾਮ ਅੰਦਰ ਪਲਾਸਟਿਕ ਦੀਆਂ ਬੋਤਲਾਂ ਤੋਂ ਇਲਾਵਾ ਲੱਖਾਂ ਰੁਪਏ ਦਾ ਪਲਾਸਟਿਕ ਦਾ ਸਮਾਨ ਪਿਆ ਹੋਇਆ ਸੀ,ਜਿਸ ਕਾਰਨ ਅੱਗ ਜਲਦੀ ਤੇਜ ਹੋ ਗਈ ਸੀ। ਦੱਸਣਯੋਗ ਗੱਲ ਹੈ ਕਿ ਲੱਗਭਗ ਇੱਕ ਸਾਲ ਪਹਿਲਾ ਵੀ ਇਸ ਕਬਾੜ ਦੀ ਦੁਕਾਨ ਦੇ ਮਾਲਕ ਦਾ ਮਈਆ ਭਗਵਾਨ ਦਰਬਾਰ ਦੇ ਕੋਲ ਬਣੇ ਇੱਕ ਗੋਦਾਮ ਵਿੱਚ ਪਿਆ ਲੱਖਾਂ ਦਾ ਸਾਮਾਨ ਸੜਕੇ ਸੁਆਹ ਹੋ ਗਿਆ ਸੀ। ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ ਤੇ ਪਹੁੰਚ ਕੇ ਅੱਗ ਤੇ ਕਾਬੂ ਪਾ ਲਿਆ। ਅੱਗ ਲੱਗਣ ਵਾਲੀ ਇਹ ਸ਼ਹਿਰ ਵਿੱਚ ਦੂਸਰੀ ਘਟਨਾ ਹੈ ਇਸ ਤੋਂ ਪਹਿਲਾ ਬੱਸ ਸਟੈਂਡ ਦੇ ਲਾਗੇ ਇੱਕ ਸਿਗਰੇਟਾਂ ਦੇ ਖੋਖੇ ਨੂੰ ਵੀ ਅੱਗ ਲੱਗ ਗਈ ਸੀ।

## ਇਨੋਸੈਂਟ ਹਾਰਟਸ ਲੁਹਾਰਾਂ ਵੱਲੋਂ ਐਨੀਮੇਸ਼ਨ ਵਿਜ਼ੂਅਲ ਇਫੈਕਟਸ ਬਾਰੇ ਵਰਕਸ਼ਾਪ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਸਕੂਲ, ਲੁਹਾਰਾਂ ਵੱਲੋਂ ਏ ਵੀ ਜੀ ਸੀ (ਐਨੀਮੇਸ਼ਨ, ਵਿਜ਼ੂਅਲ ਇਫੈਕਟਸ, ਗੇਮਿੰਗ ਅਤੇ ਕਾਮਿਕਸ) ਬਾਰੇ ਇੱਕ ਰੁਚੀਕਰ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸਦਾ ਉਦੇਸ਼ ਵਿਦਿਆਰਥੀਆਂ ਨੂੰ ਬਦਲ ਰਹੀ ਡਿਜੀਟਲ ਦੁਨੀਆ ਨਾਲ ਜਾਣੂੰ ਕਰਵਾਉਣਾ ਸੀ। ਇਸ ਸੈਸ਼ਨ ਵਿੱਚ ਦਰਸਾਇਆ ਗਿਆ ਕਿ ਕਿਵੇਂ ਕਲਾ ਅਤੇ ਤਕਨਾਲੋਜੀ ਦਾ ਮਿਲਾਪ ਵਿਸ਼ਵ ਅਰਥਵਿਵਸਥਾ ਨੂੰ ਨਵਾਂ ਰੂਪ ਦੇ ਰਿਹਾ ਹੈ ਅਤੇ ਨਵੇਂ ਕਰੀਅਰ ਮੌਕੇ ਪੈਦਾ ਕਰ ਰਿਹਾ ਹੈ।ਇਸ ਪ੍ਰੋਗਰਾਮ ਵਿੱਚ ਐਰੀਨਾ ਐਨੀਮੇਸ਼ਨ, ਜਲੰਧਰ ਤੋਂ ਮਾਹਰ ਸ਼ਾਮਲ ਹੋਏ, ਜਿਨ੍ਹਾਂ ਵਿੱਚ ਬ੍ਰਾਂਚ ਹੈੱਡ ਮਿਸ ਮਨਪ੍ਰੀਤ ਆਨੰਦ, ਜੋ ਕਿ 13 ਸਾਲਾਂ ਦੇ ਤਜਰਬੇ ਵਾਲੀ ਕਰੀਅਰ ਕੋਚ ਹਨ, ਅਤੇ ਸੀਨੀਅਰ ਮਲਟੀਮੀਡੀਆ ਫੈਕਲਟੀ ਮਿਸਟਰ ਅਬਦੁਲ ਰਹੀਮ, ਜੋ ਵੀ ਐਫ ਐਕਸ ਅਤੇ ਗੇਮਿੰਗ ਵਿੱਚ ਨਿਪੁੰਨ ਹਨ, ਸ਼ਾਮਲ ਸਨ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਆਪਣਾ ਅਨੁਭਵ ਸਾਂਝਾ ਕੀਤਾ ਅਤੇ ਡਿਜੀਟਲ ਟੂਲਾਂ ਦੀ ਪ੍ਰਯੋਗਾਤਮਕ ਵਰਤੋਂ ਦਾ ਪ੍ਰਦਰਸ਼ਨ ਵੀ ਕੀਤਾ।ਪ੍ਰਿੰਸੀਪਲ ਮਿਸ ਸ਼ਾਲੂ ਸਹਿਗਲ ਨੇ ਵਿਦਿਆਰਥੀਆਂ ਨੂੰ ਨਵੀਂ ਸੋਚ ਅਤੇ ਨਵੀਨਤਮ ਸਿੱਖਣ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।



## ਪੋਸਟਰ ਬਣਾਉਣ ਦਾ ਮੁਕਾਬਲਾ ਕਰਵਾਇਆ



**ਜਲੰਧਰ (ਸ਼ੈਲੀ ਐਲਬਰਟ)**

ਭਾਰਤ ਦੇ ਮੁੱਖ ਚੋਣ ਕਮੀਸ਼ਨਰ ਜੀ ਦੀਆਂ ਹਦਾਇਤਾਂ ਅਨੁਸਾਰ ਮਾਣਯੋਗ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਯੋਗ ਅਗਵਾਈ ਵਿੱਚ ਮੇਹਰ ਚੰਦ ਪੋਲੀਟੈਕਨਿਕ ਕਾਲਜ ਵਿਖੇ ਚੋਣ/ਵੋਟਿੰਗ ਨੂੰ ਉਤਸ਼ਾਹਿਤ ਕਰਨ ਲਈ ਐਸ ਆਈ ਆਰ ਸਕੀਮ ਅਧੀਨ ਪੋਸਟਰ ਬਣਾਉਣ ਦੀ ਗਤੀਵਿਧੀ ਕੀਤੀ ਗਈ । ਨੋਡਲ ਅਫਸਰ ਤੇ ਸਵੀਪ ਇੰਚਾਰਜ ਪ੍ਰੀਤ ਕੰਵਲ ਦੁਆਰਾ ਵੋਟ ਦੀ ਮਹੱਤਤਾ ਸੰਬੰਧੀ ਚਾਨਣਾ ਪਾਉਂਦੇ ਹੋਏ ਬੱਚਿਆਂ ਨੂੰ ਨਿਡਰਤਾ, ਧਰਮ, ਵਰਗ, ਜਾਤੀ, ਸਮੁਦਾਇ, ਭਾਸ਼ਾ ਜਾ ਹੋਰ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਬਿਨ੍ਹਾਂ ਆਪਣੇ ਵੋਟ ਦੇ ਇਸਤੇਮਾਲ ਕਰਨ ਦੀ ਗੱਲ ਕਹੀ ਗਈ। ਵਿਦਿਆਰਥੀਆਂ ਨੇ ਮੁਕਾਬਲੇ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਸ਼ਾਨਦਾਰ ਪੋਸਟਰ ਬਣਾਏ। ਇਸ ਮੁਕਾਬਲੇ ਦਾ ਨਿਰਣਾ ਗੌਰਵ ਸ਼ਰਮਾ, ਇੰਚਾਰਜ ਆਟੋਮੋਬਾਈਲ ਵਿਭਾਗ ਦੁਆਰਾ ਕੀਤਾ ਗਿਆ ਤੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਅਤੇ ਸਾਰੇ ਫੈਕਲਟੀ ਮੈਂਬਰਾਂ ਨੇ ਵਿਦਿਆਰਥੀਆਂ ਦੀ ਬਹੁਤ ਪ੍ਰਸ਼ੰਸਾ ਕੀਤੀ। ਇਸ ਸਮੇਂ ਤੇ ਕਪਿਲ ਓਹਰੀ, ਸੁਸ਼ੀਲ ਕੁਮਾਰ, ਸ਼ਸ਼ੀ ਭੂਸ਼ਨ, ਗੌਰਵ ਸ਼ਰਮਾ, ਪ੍ਰਭੂ ਦਿਆਲ, ਗੋਕੁਲ ਸਿੰਘ ਤੇ ਨੇਹਾ ਸ਼ਾਮਿਲ ਸਨ। ਨੋਡਲ ਅਫਸਰ ਪ੍ਰੀਤ ਕੰਵਲ ਅਤੇ ਸਾਰੇ ਵਿਦਿਆਰਥੀਆਂ ਦੇ ਯਤਨਾਂ ਸਦਕਾ ਇਹ ਪੋਸਟਰ ਬਣਾਉਣ ਸਮਾਰੋਹ ਨੇਪੜੇ ਚੜ੍ਹਿਆ।

## ਮਾਵਾਂ-ਧੀਆਂ ਸਨਮਾਨ ਸਕੀਮ ਸੰਬੰਧੀ ਜਾਗਰੂਕਤਾ ਕੈਂਪ



**ਅਲਾਵਲਪੁਰ (ਮਦਨ ਬੰਗੜ)**

ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮਾਵਾਂ ਧੀਆਂ ਸਨਮਾਨ ਸਕੀਮ ਤਹਿਤ ਪਿੰਡ ਸਿਕੰਦਰਪੁਰ ਵਿੱਚ ਇੱਕ ਵਿਸ਼ਾਲ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਪਿੰਡ ਦੀਆਂ ਔਰਤਾਂ ਦੀ ਵੱਡੀ ਗਿਣਤੀ ਵਿੱਚ ਰਜਿਸਟਰੇਸ਼ਨ ਕੀਤੀ ਗਈ ਅਤੇ ਸਕੀਮ ਦੇ ਲਾਭਾਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ’ਤੇ ਆਮ ਆਦਮੀ ਪਾਰਟੀ ਕਿਸਾਨ ਵਿੰਗ ਦੇ ਪ੍ਰਧਾਨ ਚਰਨਜੀਤ ਸਿੰਘ ਪੰਚ ਸਿਕੰਦਰਪੁਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਇਸ ਯੋਜਨਾ ਤਹਿਤ ਪਿੰਡ ਦੀਆਂ ਮਾਵਾਂ, ਧੀਆਂ ਅਤੇ ਭੈਣਾਂ ਦੀ ਭੇਦਭਾਵ ਰਹਿਤ ਰਜਿਸਟਰੇਸ਼ਨ ਪਹਿਲ ਦੇ ਅਧਾਰ ’ਤੇ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਯੋਗ ਮਹਿਲਾ ਤੱਕ ਸਕੀਮ ਦਾ ਲਾਭ ਪਹੁੰਚਾਉਣਾ ਸਰਕਾਰ ਦੀ ਪ੍ਰਾਥਮਿਕਤਾ ਹੈ, ਤਾਂ ਜੋ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਹੋਰ ਦੱਸਿਆ ਕਿ ਇਸ ਸਕੀਮ ਤਹਿਤ 18 ਸਾਲ ਤੋਂ ਉਪਰ ਦੀਆਂ ਹਰੇਕ ਔਰਤਾਂ ਨੂੰ ਸਰਕਾਰ ਵੱਲੋਂ ਸਨਮਾਨ ਰਾਸ਼ੀ ਦਿੱਤੀ ਜਾਵੇਗੀ, ਜਿਸ ਅਨੁਸਾਰ ਐੱਸ ਸੀ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਅਤੇ ਹੋਰ ਵਰਗਾਂ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ। ਇਸ ਘੋਸ਼ਣਾ ਨਾਲ ਇਲਾਕੇ ਭਰ ਦੀਆਂ ਔਰਤਾਂ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲੀ ਅਤੇ ਉਨ੍ਹਾਂ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ ਗਿਆ।ਕੈਂਪ ਦੌਰਾਨ ਮਹਿਲਾਵਾਂ ਵਿੱਚ ਸਕੀਮ ਪ੍ਰਤੀ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਉਨ੍ਹਾਂ ਨੇ ਵੱਧ ਚੜ੍ਹ ਕੇ ਰਜਿਸਟਰੇਸ਼ਨ ਕਰਵਾਈ।ਇਸ ਮੌਕੇ ’ਤੇ ਗੁਰਬਖਸ਼ ਕੌਰ ਪੰਚ ਸਿਕੰਦਰਪੁਰ, ਸਰਬਜੀਤ ਪੰਚ, ਸਰਬਜੀਤ ਸਿੰਘ ਚੀਮਾ, ਅਵਤਾਰ ਸਿੰਘ ਤਾਰੀ, ਸਚਿਨ ਵਿਰਦੀ, ਰੁਪਿੰਦਰ ਕੌਰ, ਕਿਰਨਦੀਪ ਕੌਰ, ਮਨਜੀਤ ਕੌਰ, ਬਲਜੀਤ ਕੌਰ, ਰਾਣੀ, ਮੋਨਿਕਾ ਰਾਣੀ, ਰਾਜਵਿੰਦਰ ਕੌਰ ਅਤੇ ਸੰਦੀਪ ਕੌਰ ਸਮੇਤ ਹੋਰ ਵੀ ਹਾਜ਼ਰ ਸਨ।

## ਬਿੱਲ ਨੂੰ ਰਾਜਪਾਲ ਦੀ ਪ੍ਰਵਾਨਗੀ ਦਾ ਐਡਵੋਕੇਟ ਧਾਮੀ ਵੱਲੋਂ ਸਵਾਗਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾਵਾਂ ਦੇਣ ਲਈ ਬਿੱਲ ਨੂੰ ਪੰਜਾਬ ਦੇ ਰਾਜਪਾਲ ਵੱਲੋਂ ਮਿਲੀ ਪ੍ਰਵਾਨਗੀ ਦਾ ਸਵਾਗਤ ਕੀਤਾ ਹੈ।ਉਨ੍ਹਾਂ ਕਿਹਾ ਕਿ ਸਿੱਖਾਂ ਦੀ ਧਾਰਮਿਕ ਆਸਥਾ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਰੱਖਿਆ ਲਈ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਦਾ ਮੁਕੰਮਲ ਖਾਤਮਾ ਹੋਣਾ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਕਾਨੂੰਨ ਆਪਣੀ ਥਾਂ ਠੀਕ ਹੈ, ਪਰ ਇਸ ਤੋਂ ਵੀ ਵੱਧ ਜ਼ਰੂਰੀ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੰਮ ਕਰਨ ਵਾਲੀਆਂ ਤਾਕਤਾਂ ਨੂੰ ਬੇਪਰਦ ਕਰਕੇ ਇਸ ਮੰਦਭਾਗੇ ਵਰਤਾਰੇ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾਵੇ। ਇਸ ਲਈ ਸਿੱਖ ਸਮਾਜ ਨੂੰ ਜਾਗਰੂਕਤਾ ਅਤੇ ਅਹਿਤਿਆਤ ਦੇ ਧਾਰਨੀ ਬਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਨੂੰ ਕਾਇਮ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੋਣਾ ਪਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਕੋਈ ਵੀ ਕਾਨੂੰਨ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ ਨਾਲ ਹੀ ਅਮਲ ਵਿਚ ਲਿਆ ਕੇ ਸਿੱਟਾਮੁੱਖੀ ਬਣ ਸਕਦਾ ਹੈ, ਕਿਉਂਕਿ ਕਾਨੂੰਨ ਪਹਿਲਾਂ ਵੀ ਮੌਜੂਦ ਹਨ, ਪਰ ਫਿਰ ਵੀ ਬੇਅਦਬੀਆਂ ਦੇ ਦੋਸ਼ੀ ਬਚ ਨਿਕਲਦੇ ਰਹੇ ਹਨ।

## ਸ਼੍ਰੋਮਣੀ ਭਗਤ ਧੰਨਾ ਦਾ ਜਨਮ ਦਿਹਾੜਾ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**- ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸ਼੍ਰੋਮਣੀ ਭਗਤ ਧੰਨਾ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਪ੍ਰੇਮ ਸਿੰਘ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਸ਼੍ਰੋਮਣੀ ਭਗਤ ਧੰਨਾ ਦੇ ਜੀਵਨ ਬ੍ਰਿਤਾਂਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਨ੍ਹਾਂ ਦੁਆਰਾ ਉਚਾਰਣ ਕੀਤੀ ਧੁਰ ਕੀ ਬਾਣੀ ਬਾਰੇ ਸੰਗਤਾਂ ਨੂੰ ਵਿਸਥਾਰ ਵਿੱਚ ਜਾਣੂੰ ਕਰਵਾਇਆ। ਸ਼੍ਰੋਮਣੀ ਪ੍ਰਚਾਰਕ ਭਾਈ ਗੁਰਮੀਤ ਸਿੰਘ ਦਮਦਮੀ ਟਕਸਾਲ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸ਼੍ਰੋਮਣੀ ਭਗਤ ਧੰਨਾ ਦੁਆਰਾ ਰਚਿਤ ਬਾਣੀ ਅਤੇ ਉਨ੍ਹਾਂ ਦੁਆਰਾ ਪਰਮਾਤਮਾ ਤੋਂ ਆਪਣੀ ਭਗਤੀ ਨਾਲ ਸਾਰੇ ਕੰਮ ਕਰਵਾਉਣ ਬਾਰੇ ਸੰਗਤਾਂ ਨੂੰ ਵਿਸਥਾਰ ਵਿੱਚ ਦੱਸਿਆ। ਭਾਈ ਗੁਰਵੰਤ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਭਾਈ ਸੁਖਵਿੰਦਰ ਸਿੰਘ ਗੁਰਦੁਆਰਾ ਨਾਭਾ ਸਾਹਿਬ ਵਾਲੇ, ਭਾਈ ਬਲਵਿੰਦਰ ਸਿੰਘ ਗੁਰਦੁਆਰਾ ਬਾਉਲੀ ਸਾਹਿਬ ਵਾਲੇ, ਭਾਈ ਮਨਜੋਤ ਸਿੰਘ ਪਟਿਆਲੇ ਵਾਲੇ, ਭਾਈ ਨਿਰਭੈ ਸਿੰਘ ਜਵੱਦੀ ਟਕਸਾਲ, ਬੀਬੀ ਬਲਜਿੰਦਰ ਕੌਰ ਲੁਧਿਆਣੇ ਵਾਲੇ, ਸ਼ੇਰ ਏ ਪੰਜਾਬ ਕਵੀਸ਼ਰੀ ਜੱਥਾ, ਮਿੱਤਰ ਪਿਆਰੇ ਨੂੰ ਕੀਰਤਨੀ ਜੱਥਾ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਹਰਬਖਸ਼ ਸਿੰਘ ਤੇ ਭਾਈ ਗੁਰਮੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ ।ਸਾਰੇ ਜਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਕਾ ਲੰਗਰ ਸੰਗਤਾਂ ਨੂੰ ਸਾਰਾ ਦਿਨ ਅਤੁੱਟ ਵਰਤਾਇਆ ਗਿਆ।



## ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਅੱਠਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਕਰਤਾਰਪੁਰ (ਹਰਮੇਸ਼ ਦੱਤ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਦਮਨਪ੍ਰੀਤ ਕੌਰ ਨੇ 95% ਅੰਕ ਪ੍ਰਾਪਤ ਕਰਕੇ ਪਹਿਲਾ ਯੁਵਰਾਜ ਸਿੰਘ ਨੇ 93% ਅੰਕ ਪ੍ਰਾਪਤ ਕਰਕੇ ਦੂਜਾ ਤੇ ਸਿਮਰਪ੍ਰੀਤ ਕੌਰ ਨੇ 92% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਸਕੂਲ ਸੰਚਾਲਕ ਮਹਿੰਦਰ ਕੌਰ ਪੱਡਾ ਤੇ ਚੇਅਰਪਰਸਨ ਹਰਮਨ ਸਿੰਘ ਪੱਡਾ ਨੇ ਵਧੀਆ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ, ਉਹਨਾਂ ਦੇ ਮਾਤਾ ਪਿਤਾ ਤੇ ਸਕੂਲ ਸਟਾਫ਼ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪਰਮਜੀਤ ਕੌਰ, ਰੇਨੂੰ ਸ਼ਰਮਾ, ਕੰਚਨ ਸ਼ਰਮਾ, ਪਰਮਜੀਤ ਕੌਰ ਕਾਹਲੋਂ, ਬੰਧਨਾਂ, ਰਜਨੀ ਜੋਸ਼ੀ, ਲੀਨਾ ਚਿੱਟੀ, ਰਾਜ ਕੁਮਾਰ ਤੇ ਵਿਦਿਆਰਥੀ ਹਾਜ਼ਰ ਸਨ।

## ਵਿਧਾਇਕ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਬੱਸ ਰਵਾਨਾ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਵੱਲੋਂ ਪੰਜਾਬ ਸਰਕਾਰ ਦੀ ਲੋਕ-ਭਲਾਈਕਾਰੀ ਪਹਿਲ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਡੇਰਾਬੱਸੀ ਦੇ ਮੁਬਾਰਿਕਪੁਰ ਤੋਂ ਸ਼ਰਧਾਲੂਆਂ ਦੀ 24ਵੀਂ ਅਤੇ 25ਵੀਂ ਬੱਸ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਹੁਣ ਤੋਂ ਦੋ ਬੱਸਾਂ ਜਾਇਆ ਕਰਨਗੀਆਂ।

ਦੋ ਰਾਤਾਂ ਅਤੇ ਤਿੰਨ ਦਿਨਾਂ ਦੀ ਇਸ ਯਾਤਰਾ ਦੌਰਾਨ, ਇਹ ਯਾਤਰੀ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਣਾ ਮੰਦਰ ਅਤੇ ਭਗਵਾਨ ਵਾਲਮੀਕਿ ਤੀਰਥ ਸਥਲ ਦੇ ਦਰਸ਼ਨਾਂ ਤੋਂ ਇਲਾਵਾ ਜਲ੍ਹਿਆਂਵਾਲਾ ਬਾਗ਼ ਅਤੇ ਵਾਹਗਾ ਸਰਹੱਦ ਵੀ ਜਾਣਗੇ।ਇਸ ਮੌਕੇ ਵਿਧਾਇਕ ਰੰਧਾਵਾ ਨੇ ਸ਼ਰਧਾਲੂਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਖ਼ਾਸ ਕਰਕੇ ਬਜ਼ੁਰਗਾਂ ਲਈ ਇੱਕ ਵੱਡੀ ਸਹੂਲਤ ਹੈ, ਜਿਸ ਨਾਲ ਉਹ ਬਿਨਾਂ ਕਿਸੇ ਆਰਥਿਕ ਬੋਝ ਦੇ ਆਪਣੇ ਮਨਪਸੰਦ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਦੀ ਆਧਿਆਤਮਿਕ ਭਾਵਨਾ ਦਾ ਸਤਿਕਾਰ ਕਰਨਾ ਅਤੇ ਉਨ੍ਹਾਂ ਨੂੰ ਸੁਵਿਧਾਜਨਕ ਯਾਤਰਾ ਪ੍ਰਦਾਨ ਕਰਨਾ ਹੈ।

## ਵੈਟਰਨਰੀ ਇੰਸਪੈਕਟਰਜ਼ ਵੱਲੋਂ ਰੋਸ ਰੈਲੀ 26 ਨੂੰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪਸ਼ੂ ਪਾਲਣ ਵਿਭਾਗ ਵਿੱਚ ਕੰਮ ਕਰਦੇ ਵੈਟਰਨਰੀ ਇੰਸਪੈਕਟਰ ਕਾਫੀ ਲੰਬੇ ਸਮੇਂ ਤੋਂ ਆਪਣੀਆਂ ਜਾਇਜ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ। ਇਸ ਸਬੰਧੀ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਦੀਆਂ ਕਈ ਮੀਟਿੰਗਾਂ ਵਿਭਾਗ ਦੇ ਮਾਨਯੋਗ ਮੰਤਰੀ ਗੁਰਮੀਤ ਸਿੰਘ ਖੁਡੀਆਂ ਤੇ ਵਿਭਾਗ ਦੇ ਮਾਨਯੋਗ ਪ੍ਰਮੁੱਖ ਸਕੱਤਰ ਤੇ ਡਾਇਰੈਕਟੋਰੇਟ ਦੇ ਅਹਲਾ ਅਫਸਰਾਂ ਨਾਲ ਹੋ ਚੁੱਕੀਆਂ ਹਨ, ਹਰ ਮੀਟਿੰਗ ਵਿੱਚ ਵੈਟਨਰੀ ਇੰਸਪੈਕਟਰਾਂ ਨੂੰ ਵਿਸ਼ਵਾਸ ਦਵਾਇਆ ਜਾਂਦਾ ਸੀ ਕਿ ਉਹਨਾਂ ਦੀਆਂ ਮੰਗਾ ਬਿਲਕੁਲ ਜਾਇਜ਼ ਹਨ, ਸਰਕਾਰ ਜਲਦੀ ਹੀ ਇਸ ਤੇ ਕਾਰਵਾਈ ਕਰੇਗੀ, ਪਰ ਮੰਗਾਂ ਤੇ ਕਾਰਵਾਈ ਤਾਂ ਕੀ ਕਰਨੀ ਸੀ, ਸਗੋਂ ਅਫਸਰ ਸ਼ਾਹੀ ਦੇ ਦਬਾਅ ਹੇਠਾਂ ਵੈਟਰਨਰੀ ਇੰਸਪੈਕਟਰਾਂ ਨੂੰ ਤੰਗ ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਮੌਜੂਦਾ ਸਮੇਂ ਵਿੱਚ ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਪੂਰੇ ਪੰਜਾਬ ਵਿੱਚ ਮੂੰਹ ਖੁਰ ਦੀ ਵੈਕਸੀਨ ਦੀ ਕੈਂਪੇਨ ਚੱਲ ਰਹੀ ਹੈ,ਹਦਾਇਤਾਂ ਮੁਤਾਬਕ ਇਸ ਦਾ ਡਾਟਾ ਆਨਲਾਈਨ ਕਰਨ ਲਈ ਡਾਟਾ ਆਪਰੇਟਰਾਂ ਦੀ ਲੋੜ ਹੈ, ਪਰ ਵਿਭਾਗ ਦੀ ਅਫਸਰਸ਼ਾਹੀ ਇਹ ਸਾਰਾ ਕੰਮ ਵੈਟਨਰੀ ਇੰਸਪੈਕਟਰਾਂ ਉੱਪਰ ਥੋਪ ਰਹੀ ਹੈ ਅਤੇ ਸਰਕਾਰ ਨੂੰ ਗੁੰਮਰਾਹ ਕਰ ਰਹੀ ਹੈ। 26 ਅਪ੍ਰੈਲ ਨੂੰ ਵੈਟਰਨਰੀ ਇੰਸਪੈਕਟਰ, ਗੁਰਦੁਆਰਾ ਅੰਬ ਸਾਹਿਬ ਮੋਹਾਲੀ ਵਿਖੇ ਰੋਸ ਰੈਲੀ ਕਰਨਗੇ। ਰੋਸ ਪ੍ਰਦਰਸ਼ਨ ਤੋਂ ਬਾਅਦ ਸਮੂਹ ਵੈਟਨਰੀ ਇੰਸਪੈਕਟਰ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਵੱਲ ਮਾਰਚ ਕਰਨਗੇ।

## ਵਿਧਾਨ ਸਭਾ ਹਲਕਿਆਂ ਦੇ ਉਮੀਦਵਾਰਾਂ ਸੰਬੰਧੀ ਜਲਦ ਫੈਸਲੇ ਲਏ ਜਾਣਗੇ : ਖੰਨਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਮਿਥਲੇਸ਼ ਗਰਗ)**

ਸਾਲ 2027 ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਤੇ ਹਿੰਦੁਸਤਾਨ ਸ਼ਕਤੀ ਸੈਨਾ ਵੱਲੋਂ ਆਪਣੇ ਉਮੀਦਵਾਰ ਖੜੇ ਕਰਨ ਅਤੇ ਸਾਰੇ ਜ਼ਿਲ੍ਹਿਆਂ ਵਿਚ ਕੋਰ ਕਮੇਟੀਆਂ ਗਠਿਤ ਕਰਨ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਤੇ ਪਾਰਟੀ ਦੇ ਹੋਰ ਵੱਖ-ਵੱਖ ਅਹੁਦੇਦਾਰਾਂ ਤੋਂ ਇਲਾਵਾ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜਨ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲ੍ਹਾ ਸਕੱਤਰ ਪੰਡਿਤ ਮਿਥਲੇਸ਼ ਗਰਗ ਨੇ ਭਾਗ ਲਿਆ।ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ ਰਾਹੁਲ ਖੰਨਾ ਨੇ ਦੱਸਿਆ ਕਿ ਸ਼ਿਵ ਸੈਨਾ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਨੇ ਪੰਜਾਬ ਦੇ ਵੱਖ-ਵੱਖ ਜਿਲਿਆਂ ਦੀਆਂ ਕੋਰ ਕਮੇਟੀਆਂ ਗਠਿਤ ਕਰਨ ਤੋਂ ਇਲਾਵਾ ਜ਼ਿਲ੍ਹਾ ਹੁਸ਼ਿਆਰਪੁਰ-ਪਠਾਨਕੋਟ ਦੀ ਕੋਰ ਕਮੇਟੀ ਦਾ ਰਾਹੁਲ ਖੰਨਾ ਨੂੰ ਇੰਚਾਰਜ ਅਤੇ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਉਪ ਪ੍ਰਧਾਨ ਰਜਿੰਦਰ ਰਾਣਾ ਤੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਸ਼ਿੰਦੇ ਨੂੰ ਕੋਰ ਕਮੇਟੀ ਮੈਂਬਰ ਨਿਯੁਕਤ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਹਾਈ ਕਮਾਨ ਦੇ ਆਦੇਸ਼ਾਂ ਅਨੁਸਾਰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਦਾ ਸਰਵੇਖਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸ ਵਿਅਕਤੀ ਦੀ ਜਿਸ ਹਲਕੇ ਵਿੱਚ ਪਕੜ ਮਜਬੂਤ ਹੋਵੇਗੀ ਅਤੇ ਉਸਦਾ ਜਮੀਨੀ ਪੱਧਰ ਤੇ ਲੋਕਾਂ ਨਾਲ ਤਾਲਮੇਲ ਹੋਵੇਗਾ ਉਸ ਉਮੀਦਵਾਰ ਦੀ ਚੋਣ ਕਰਕੇ ਹਾਈ ਕਮਾਂਡ ਨੂੰ ਭੇਜੀ ਜਾਵੇਗੀ। ਇਸ ਮੌਕੇ ਤੇ ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲ੍ਹਾ ਪ੍ਰਧਾਨ ਪੁਨੀਤ ਢੀਂਗਰਾ, ਬਲਾਕ ਪ੍ਰਧਾਨ ਗੌਰਵ ਬੇਦੀ, ਜ਼ਿਲ੍ਹਾ ਵਾਈਸ ਚੇਅਰਮੈਨ ਸੰਜੀਵ ਖੰਨਾ, ਸੀਨੀਅਰ ਸਿਟੀ ਪ੍ਰਧਾਨ ਰਜੀਵ ਖੰਨਾ, ਸੀਨੀਅਰ ਸਿਟੀ ਚੇਅਰਮੈਨ ਹਰਦੀਪ ਸਿੰਘ, ਸਿਟੀ ਯੂਥ ਚੇਅਰਮੈਨ ਮਨਜੋਤ ਸਿੰਘ, ਸਰਕਲ ਪ੍ਰਧਾਨ ਪਰਮਜੀਤ ਸਿੰਘ ਅਤੇ ਵਾਈਸ ਚੇਅਰਮੈਨ ਬਬਲੂ ਕੁਮਾਰ ਹਾਜ਼ਰ ਸਨ।

## ਹਰਪ੍ਰੀਤ ਪਿੰਟੂ ਤੇ ਰਣਧੀਰ ਸਿੰਘ ਸਾਥੀਆਂ ਸਮੇਤ ਅਕਾਲੀ ਦਲ ’ਚ ਸ਼ਾਮਲ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ ਪੱਖੀ ਨੀਤੀਆਂ ਅਤੇ ਪਾਰਟੀ ਦੀ ਚੜ੍ਹਦੀ ਕਲਾ ਨੂੰ ਵੇਖਦੇ ਹੋਏ ਇਲਾਕੇ ਦੇ ਪ੍ਰਮੁੱਖ ਆਗੂਆਂ ਰਣਧੀਰ ਸਿੰਘ ਅਤੇ ਹਰਪ੍ਰੀਤ ਪਿੰਟੂ ਨੇ ਆਪਣੇ ਸਾਥੀਆਂ ਸਮੇਤ ਪਾਰਟੀ ਦਾ ਪੱਲਾ ਫੜ ਲਿਆ। ਇਨ੍ਹਾਂ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਵਾਉਣ ਲਈ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਲਾਲੀ ਬਾਜਵਾ ਨੇ ਨਵੇਂ ਸ਼ਾਮਿਲ ਹੋਏ ਆਗੂਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਅਤੇ ਪਾਰਟੀ ਵਿੱਚ ਜੀ ਆਇਆਂ ਨੂੰ ਕਿਹਾ। ਇਸ ਮੌਕੇ ਗੱਲਬਾਤ ਕਰਦਿਆਂ ਲਾਲੀ ਬਾਜਵਾ ਨੇ ਕਿਹਾ ਕਿ ਰਣਧੀਰ ਸਿੰਘ ਅਤੇ ਹਰਪ੍ਰੀਤ ਪਿੰਟੂ ਦੇ ਆਉਣ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ ’ਤੇ ਵੱਡੀ ਮਜ਼ਬੂਤੀ ਮਿਲੇਗੀ।ਸੰਜੀਵ ਤਲਵਾੜ ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਹ ਦਿਨ-ਰਾਤ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਨ।ਸ਼ਾਮਿਲ ਹੋਣ ਵਾਲੇ ਆਗੂਆਂ ਨੇ ਭਰੋਸਾ ਦਿਵਾਇਆ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣਗੇ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਅਕਾਲੀ ਦਲ ਦੀ ਜਿੱਤ ਯਕੀਨੀ ਬਣਾਉਣ ਲਈ ਡਟ ਕੇ ਕੰਮ ਕਰਨਗੇ।ਇਸ ਮੌਕੇ ਅਨੁਸੂਚਿਤ ਜਾਤੀ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਪ੍ਰੇਮ ਸਿੰਘ ਪਿਪਲਾਂ ਵਾਲਾ ਸ਼ਹਿਰੀ ਪ੍ਰਧਾਨ ਸੰਜੀਵ ਥਾਪਰ ਜਿਲਾ ਉਪ ਪ੍ਰਧਾਨ ਹਰਭਜਨ ਸਿੰਘ ਵਧਾਵਨ ਤੇ ਪਾਰਟੀ ਦੇ ਹੋਰ ਵੀ ਕਈ ਸੀਨੀਅਰ ਆਗੂ ਅਤੇ ਵਰਕਰ ਮੌਜੂਦ ਸਨ, ਜਿਨ੍ਹਾਂ ਨੇ ਨਵੇਂ ਸਾਥੀਆਂ ਦਾ ਉਤਸ਼ਾਹ ਵਧਾਇਆ।

## ‘ਬੜੇ ਚੇਤੇ ਆਉਂਦੇ ਨੇ’ ’ਤੇ ਵਿਚਾਰ-ਚਰਚਾ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਸੰਜੀਵਨ ਸਿੰਘ ਦੀ ਨਵ-ਪ੍ਰਕਾਸ਼ਿਤ ਰੰਗਮੰਚੀ, ਸਾਹਿਤਕ, ਸੱਭਿਆਚਾਰਕ ਅਤੇ ਸਮਾਜਿਕ ਖੇਤਰਾਂ ਦੀਆਂ ਵਿਛੜ ਚੁੱਕੀਆਂ ਸ਼ਖਸੀਅਤਾਂ ਬਾਰੇ ਸ਼ਬਦ-ਚਿੱਤਰਾਂ ਦੀ ਕਿਤਾਬ ‘ਬੜੇ ਚੇਤੇ ਆਉਂਦੇ ਨੇ...’ ਬਾਰੇ ਵਿਚਾਰ-ਚਰਚਾ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਖੇ ਸਵਪਨ ਫਾਊਂਡੇਸ਼ਨ, ਪਟਿਆਲਾ ਅਤੇ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵੱਲੋਂ ਸਾਂਝੇ ਤੌਰ ’ਤੇ ਆਯੋਜਿਤ ਕੀਤੀ। ਮੁੱਖ ਵਕਤਾ ਆਲੋਚਕ ਡਾ. ਪਵਨ ਕੁਮਾਰ ਨੇ ਕਿਹਾ ਕਿ ਕਿਤਾਬ ਦਾ ਸਿਰਲੇਖ ਢੁੱਕਵਾਂ ਅਤੇ ਸ਼ਬਦ ਚਿੱਤਰਾਂ ਦੀ ਤਰਜਮਾਨੀ ਕਰਦਾ ਹੈ। ਪਾਲ ਅਜਨਬੀ ਨੇ ਕਿਹਾ ਕਿ ਸੰਜੀਵਨ ਇਕ ਪਰਪੱਕ ਲੇਖਕ ਹੈ। ਮੈਨੂੰ ਕਈ ਇਤਿਹਾਸਕ ਗੱਲਾਂ ਦਾ ਇਸ ਕਿਤਾਬ ਰਾਹੀਂ ਪਤਾ ਲੱਗਾ। ਸੁਰਜੀਤ ਸੁਮਨ ਨੇ ਕਿਹਾ ਕਿ ਇਸ ਪੁਸਤਕ ਨੂੰ ਪੜ੍ਹ ਕੇ ਉਹਨਾਂ ਨੂੰ ਕਈ ਗੀਤ ਚੇਤੇ ਆਏ। ਉਹਨਾਂ ਕਈ ਨੁਕਤੇ ਦਰਸ਼ਕਾਂ/ਸਰੋਤਿਆਂ ਨਾਲ ਸਾਂਝ ਕੀਤੇ।ਬਲਕਾਰ ਸਿੱਧੂ ਨੇ ਆਪਣੇ ਅਨੁਭਵ ਨਾਲ ਕਈ ਥਾਈਂ ਹੋਰ ਤੱਥਾਂ ਦੀ ਗੁਜਾਇੰਸ਼ ਦੀ ਗੱਲ ਕੀਤੀ।ਕੈਨੇਡਾ ਤੋਂ ਆਏ ਸੈਵਨਥ ਰਿਵਰ ਦੇ ਸੰਪਾਦਕ ਨਾਟਕਰਮੀ ਅਤੇ ਕਵੀ ਹਰਕੰਵਲਜੀਤ ਸਾਹਿਲ ਨੇ ਸੰਜੀਵਨ ਹੋਰਾਂ ਦੀ ਲੇਖਣੀ ਬਾਰੇ ਕਈ ਨੁਕਤੇ ਸਾਂਝੇ ਕੀਤੇ।ਕਵੀ ਸ਼ਬਦੀਸ਼ ਨੇ ਕਈ ਲੇਖਾਂ ਵਿਚ ਤੱਥਾਂ ਦੀ ਸੀਮਾ ਬਾਰੇ ਵੀ ਇਤਰਾਜ਼ ਉਠਾਇਆ। ਕੁਲਵਿੰਦਰ ਕੋਮਲ ਨੇ ਸੰਤੋਖ ਸਿੰਘ ਧੀਰ, ਤੇਰਾ ਸਿੰਘ ਚੰਨ ਅਤੇ ਸ਼ਿਵਨਸਥ ਸਮੇਤ ਕਿਤਾਬ ਵਿਚ ਸ਼ਾਮਲ ਸ਼ਬਦ ਚਿੱਤਰਾਂ ਦੇ ਕਈ ਕਿਰਦਾਰਾਂ ਨਾਲ ਨਿੱਜੀ ਸਾਂਝ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ। ਪ੍ਰਧਾਨਗੀ ਭਾਸ਼ਨ ਵਿਚ ਡਾ. ਲਾਭ ਸਿੰਘ ਖੀਵਾ ਨੇ ਸ਼ਬਦ ਚਿੱਤਰ ਤੇ ਰੇਖਾ ਚਿੱਤਰ ਦੇ ਫਰਕ ’ਤੇ ਵੀ ਚਾਨਣਾ ਪਾਇਆ।ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਨਾਟਕਰਮੀ ਅਤੇ ਸ਼ਾਇਰਾ ਬਖਸ਼ ਸੰਘਾ (ਐਡਮਿੰਟਨ, ਕੈਨੇਡਾ) ਲੋਕ-ਹਿਤੈਸ਼ੀ ਚਿੰਤਕ ਏ. ਐਸ. ਪਾਲ, ਲੇਖਿਕਾ ਸ੍ਰੀਮਤੀ ਗੁਰਦੇਵ ਕੌਰ ਪਾਲ, ਅਜਾਇਬ ਔਜਲਾ, ਲੋਕਾ ਹਿੱਤਾਂ ਲਈ ਜਾਗਰੁਕ ਬਲਵਿੰਦਰ ਉੱਤਮ, ਵਰਿੰਦਰ ਸਿੰਘ, ਭੁਪਿੰਦਰ ਮਲਿਕ, ਰੰਗਮੰਚ ਅਤੇ ਫਿਲਮ ਅਦਾਕਾਰ ਅਤੇ ਲੇਖਕ ਸਵੈਰਾਜ ਸੰਧੂ, ਤੋਂ ਇਲਾਵਾ ਨਰਿੰਦਰ ਨੀਨਾ, ਕੁੱਕੂ ਦੀਵਾਨ, ਗੁਰਵਿੰਦਰ ਬਾਕਰਪੁਰੀਆ, ਜਸਦੀਪ ਜੱਸੂ, ਸੱਚਪ੍ਰੀਤ ਖੀਵਾ, ਮੁਲਾਜ਼ਮ ਆਗੂ ਕਿਸ਼ਨ ਲਾਲ ਸੈਣੀ ਆਦਿ ਨੇ ਸ਼ਿਰਕਤ ਕੀਤੀ।

## ਚਰਨ ਗੰਗਾ ਸਟੇਡੀਅਮ ’ਚ ਪ੍ਰੀਮੀਅਰ ਲੀਗ ਦੀਆਂ ਤਿਆਰੀਆਂ ਦਾ ਬੈਂਸ ਵੱਲੋਂ ਜਾਇਜ਼ਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**


ਹਰਜੋਤ ਸਿੰਘ ਬੈਂਸ ਨੇ ਚਰਨ ਗੰਗਾ ਸਟੇਡੀਅਮ ਵਿਖੇ ਆਉਣ ਵਾਲੀ ਪ੍ਰੀਮੀਅਰ ਲੀਗ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਤੇ ਪ੍ਰਬੰਧਾਂ ’ਤੇ ਸੰਤੁਸ਼ਟੀ ਪ੍ਰਗਟ ਕੀਤੀ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਖਿਡਾਰੀਆਂ ਤੇ ਖੇਡ ਪ੍ਰੇਮੀਆਂ ਲਈ ਪਹਿਲੀ ਵਾਰ ਇੰਨੀ ਵੱਡੇ ਪੱਧਰ ‘ਤੇ ਪ੍ਰੀਮੀਅਰ ਲੀਗ ਕਰਵਾਈ ਜਾ ਰਹੀ ਹੈ, ਜੋ ਖੇਤਰ ਵਿੱਚ ਖੇਡ ਸੰਸਕਾਰ ਨੂੰ ਨਵਾਂ ਮੁਕਾਮ ਦੇਵੇਗੀ। ਉਨ੍ਹਾਂ ਦੱਸਿਆ ਕਿ ਇਹ ਮੁਕਾਬਲੇ 27 ਅਪ੍ਰੈਲ ਨੂੰ ਪ੍ਰਮੁੱਖ ਖੇਡ ਹਸਤੀਆਂ ਦੀ ਹਾਜ਼ਰੀ ਵਿੱਚ ਸ਼ੁਰੂ ਹੋਣਗੇ ਤੇ 3 ਮਈ ਨੂੰ ਫਾਈਨਲ ਮੁਕਾਬਲਿਆਂ ਨਾਲ ਸੰਪੰਨ ਹੋਣਗੇ। ਕੈਬਨਿਟ ਮੰਤਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਲੀਗ ਦੀ ਵਿਸ਼ੇਸ਼ਤਾ ਇਹ ਹੈ ਕਿ ਹਲਕੇ ਦੇ ਹਰ ਪਿੰਡ, ਵਾਰਡ ਤੇ ਮੁਹੱਲੇ ਦੀਆਂ ਟੀਮਾਂ ਇਸ ਵਿੱਚ ਭਾਗ ਲੈ ਸਕਦੀਆਂ ਹਨ। ਜਿਨ੍ਹਾਂ ਪਿੰਡਾਂ ਦੀ ਆਬਾਦੀ ਹਜ਼ਾਰ ਤੋਂ ਵੱਧ ਹੈ, ਉੱਥੇ ਦੋ ਟੀਮਾਂ ਨੂੰ ਹਿੱਸਾ ਲੈਣ ਦੀ ਆਗਿਆ ਹੋਵੇਗੀ, ਜਦਕਿ ਨੰਗਲ, ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਰਗੇ ਸ਼ਹਿਰਾਂ ਵਿੱਚ ਵਾਰਡ ਅਤੇ ਮੁਹੱਲਾ ਅਧਾਰਿਤ ਟੀਮਾਂ ਬਣਾਈਆਂ ਜਾਣਗੀਆਂ। ਹਰ ਟੀਮ ਨੂੰ ਆਪਣਾ ਵਿਲੱਖਣ ਨਾਂਅ ਰੱਖਣ ਦਾ ਮੌਕਾ ਦਿੱਤਾ ਜਾਵੇਗਾ, ਜਿਸ ਨਾਲ ਖਿਡਾਰੀਆਂ ਵਿੱਚ ਜੋਸ਼ ਅਤੇ ਮੁਕਾਬਲੇ ਦੀ ਭਾਵਨਾ ਹੋਰ ਵਧੇਗੀ।ਇਸ ਪ੍ਰਤੀਯੋਗਿਤਾ ਵਿੱਚ ਜੇਤੂਆਂ ਲਈ ਆਕਰਸ਼ਕ ਇਨਾਮ ਰੱਖੇ ਗਏ ਹਨ। ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 1.50 ਲੱਖ ਰੁਪਏ ਨਗਦ ਇਨਾਮ ਦੇ ਨਾਲ ਉਸ ਦੇ ਪਿੰਡ ਨੂੰ 10 ਲੱਖ ਰੁਪਏ ਦੀ ਵਿਕਾਸ ਗ੍ਰਾਂਟ ਦਿੱਤੀ ਜਾਵੇਗੀ। ਦੂਜੇ ਸਥਾਨ ਲਈ 1 ਲੱਖ ਰੁਪਏ ਅਤੇ ਪਿੰਡ ਲਈ 5 ਲੱਖ ਰੁਪਏ ਦੀ ਗ੍ਰਾਂਟ, ਜਦਕਿ ਤੀਜੇ ਸਥਾਨ ਲਈ 2.50 ਲੱਖ ਰੁਪਏ ਦੀ ਗ੍ਰਾਂਟ ਰੱਖੀ ਗਈ ਹੈ। ਇਸ ਤੋਂ ਇਲਾਵਾ ਮੈਨ ਆਫ ਦ ਟੂਰਨਾਮੈਂਟ ਨੂੰ 50 ਹਜ਼ਾਰ ਰੁਪਏ ਤੇ ਬੈਸਟ ਬੈਟਸਮੈਨ ਤੇ ਬੈਸਟ ਬਾਲਰ ਨੂੰ 21-21 ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ। ਇਹ ਟੂਰਨਾਮੈਂਟ ਨੰਗਲ, ਸ੍ਰੀ ਅਨੰਦਪੁਰ ਸਾਹਿਬ ਤੇ ਕਾਹੀਵਾਲ ਵਿੱਚ ਕਰਵਾਇਆ ਜਾਵੇਗਾ, ਜਿਸ ਨਾਲ ਖੇਤਰ ਵਿੱਚ ਖੇਡਾਂ ਨੂੰ ਹੋਰ ਪ੍ਰਫੁੱਲਿਤ ਕਰਨ ਵਿੱਚ ਮਦਦ ਮਿਲੇਗੀ।



## ਬਾਬਾ ਬੂੜ ਸ਼ਾਹ ਚਿਸ਼ਤੀ ਤੇ ਬਾਬਾ ਊਧੋ ਸ਼ਾਹ ਚਿਸ਼ਤੀ ਦੀ ਯਾਦ ’ਚ ਗੇਟ ਦਾ ਨੀਂਹ ਪੱਥਰ ਰੱਖਿਆ

**ਬੰਗਾ (ਅਵਤਾਰ ਕਲੇਰ)**

ਪਿੰਡ ਕਟਾਰੀਆਂ ਵਿਖੇ ਪੀਰ ਬਾਬਾ ਬੂੜ ਸ਼ਾਹ ਚਿਸ਼ਤੀ ਸਾਬਰੀ, ਪੀਰ ਬਾਬਾ ਊਧੋ ਸ਼ਾਹ ਚਿਸ਼ਤੀ ਸਾਬਰੀ ਦੀ ਯਾਦ ਵਿੱਚ ਸਮੂਹ ਸਾਧ ਸੰਗਤ, ਗ੍ਰਾਮ ਪੰਚਾਇਤ, ਐੱਨ ਆਰ ਆਈ ਸੰਗਤ ਦੇ ਸਹਿਯੋਗ ਨਾਲ ਉਸਾਰੇ ਜਾ ਰਹੇ ਅਲੀਸ਼ਾਨ ਗੇਟ ਦਾ ਨੀਂਹ ਪੱਥਰ ਮੌਜੂਦਾ ਗੱਦੀ ਨਸ਼ੀਨ ਬਾਬਾ ਸਾਧੂ ਸ਼ਾਹ ਚਿਸ਼ਤੀ, ਸਾਈਂ ਲਖਵੀਰ ਸ਼ਾਹ ਕਾਦਰੀ, ਭਾਈ ਸਰਵਣ ਸਿੰਘ ਅਤੇ ਬਾਬਾ ਮੁਖਤਿਆਰ ਸਿੰਘ ਗੁਰੂ ਵਲੋਂ ਸਾਂਝੇ ਤੌਰ ਤੇ ਸੰਗਤ ਦੀ ਹਾਜ਼ਰੀ ਦੇ ਵਿੱਚ ਰੱਖਿਆ ਗਿਆ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਉਪਰੰਤ ਬਾਬਾ ਸਾਧੂ ਸ਼ਾਹ ਚਿਸ਼ਤੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਗੇਟ ਦੀ ਉਸਾਰੀ ਦੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਚੁੱਕੀਆਂ ਹਨ ਅਤੇ ਜਲਦ ਹੀ ਗੇਟ ਦੀ ਉਸਾਰੀ ਦਾ ਕਾਰਜ ਨੇਪਰੇ ਚਾੜ੍ਹਿਆ ਜਾਵੇਗਾ। ਉਪਰੰਤ ਬਾਬਾ ਸਾਧੂ ਸ਼ਾਹ ਚਿਸਤੀ ਨੇ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਕਿਹਾ ਕਿ ਹਰ ਕਾਰਜ ਦੀ ਸਫਲਤਾ ਦੇ ਲਈ ਸਾਧਨਾ ਬਹੁਤ ਹੀ ਜ਼ਰੂਰੀ ਹੈ। ਉਹਨਾਂ ਕਿਹਾ ਕਿ ਇਹ ਵੀ ਧਾਰਮਿਕ ਸ਼ਰਧਾ ਦਾ ਹੀ ਰੂਪ ਹੈ ਕਿ ਅਸੀਂ ਸਮਾਜ ਭਲਾਈ ਹਿੱਤ ਸਾਂਝੇ ਕਾਰਜਾਂ ’ਚ ਆਪਣਾ ਬਣਦਾ ਯੋਗਦਾਨ ਪਾਈਏ। ਉਪਰੰਤ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਰਪੰਚ ਵਰਿੰਦਰ ਸਿੰਘ ਜੱਖੂ, ਪ੍ਰਧਾਨ ਰਜਿੰਦਰ ਸਿੰਘ ਚਾਕ, ਗੁਰਬਚਨ ਬਾਦਸ਼ਾਹ, ਸੋਮਨਾਥ ਬੰਗਾ, ਪ੍ਰੇਮ ਸਿੰਘ ਕਲਸੀ ਪੰਚ, ਨੰਬਰਦਾਰ ਨਰਿੰਦਰ ਸ਼ਰਮਾ, ਗੁਰਮੇਲ ਚੰਦ ਸਾਬਕਾ ਪੰਚ, ਸਤਨਾਮ ਸਿੰਘ, ਪਰਮਵੀਰ ਬੀਰਾ, ਗੁਲਜ਼ਾਰਾ ਰਾਮ ਜੱਖੂ, ਸੁਖਦੇਵ ਸਿੰਘ ਕੰਬੋਜ਼, ਅਮਰ ਸਿੰਘ ਸਾਬਕਾ ਸਰਪੰਚ, ਧੰਨਾ ਰਾਮ ਪਟਵਾਰੀ, ਮਲਕੀਤ ਸਿੰਘ ਬੰਗਾ, ਅਮਰਜੀਤ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ ਕੰਗ, ਮੁਕੇਸ ਤਿਵਾੜੀ, ਲਾਡੀ ਜੰਮੂ, ਗੁਰਵਿੰਦਰ ਜੰਮੂ, ਕਰਨੈਲ ਸਿੰਘ, ਵਰਿੰਦਰ ਕੁਮਾਰ ਪਰਮਜੀਤ ਬਸਰਾ, ਮੁਕੇਸ਼ ਕੁਮਾਰ, ਰੇਸ਼ਮ ਸਿੰਘ ਆਦਿ ਹਾਜ਼ਰ ਸਨ।





# ਡਾ. ਅੰਬੇਡਕਰ ਅਤੇ ਵਿਸਾਖੀ ਨੂੰ ਸਮਰਪਤ ਦਿੜ੍ਹਬਾ ਵਿਸ਼ੇਸ਼ ਸਪਲੀਮੈਂਟ



ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

**ਗੁਰਬਿਆਸ ਸਿੰਘ ਸਰਪੰਚ**

ਅਤੇ ਸਮੂਹ ਮੈਂਬਰ ਗਰਾਮ ਪੰਚਾਇਤ ਛਾਜਲੀ



ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਇੰਦਰਜੀਤ ਸਿੰਘ (ਬਾਵਾ ਧਾਲੀਵਾਲ) ਸਾਬਕਾ ਸਰਪੰਚ

ਹਰਵਿੰਦਰ ਸਿੰਘ ਮੰਡੇਰ ਚੇਅਰਮੈਨ ਮਾਰਕੀਟ ਕਮੇਟੀ ਸੂਲਰ ਘਰਾਟ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ





ਇਕਬਾਲ ਲਾਹੜ

ਸਤਗੁਰ ਸਿੰਘ ਹਾਕੀ ਕੋਚ

**ਭਾਈ ਮੂਲ ਚੰਦ ਸਾਹਿਬ ਹਾਕੀ ਅਕੈਡਮੀ ਛਾਜਲੀ (ਸੰਗਰੂਰ)**

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਹਰਪਾਲ ਸਿੰਘ ਖਡਿਆਲ ਜ਼ਿਲ੍ਹਾ ਅਰਜ਼ਰਵਰ

ਝੰਡਾ ਸਿੰਘ ਖੇਤਲਾ ਸੀਨੀਅਰ ਮੀਤ ਪ੍ਰਧਾਨ

ਨਿਰਮਲ ਸਿੰਘ ਖੰਗੂੜਾ ਬਲਾਕ ਸੰਮਤੀ ਮੈਂਬਰ ਛਾਜਲੀ

**ਵੱਲੋਂ : ਸ਼੍ਰੋਮਣੀ ਅਕਾਲੀ ਦਲ ਬਾਦਲ**

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਡਾ. ਜਗਦੀਸ਼ ਪਾਪੜਾ

ਲਛਮਣ ਸਿੰਘ ਅਲੀਸ਼ੇਰ

ਡਾ. ਸੁਖਜਿੰਦਰ ਲਾਲੀ

ਰਘਬੀਰ ਭੁਟਾਲ ਸਾਬਕਾ ਪ੍ਰਿੰਸੀਪਲ

ਬਲਦੇਵ ਸਿੰਘ ਚੀਮਾ

ਵਰਿੰਦਰ ਭੁਟਾਲ

**ਵੱਲੋਂ : ਮਿੱਤਰ ਮੰਡਲੀ ਲਹਿਰਾਗਾਗਾ**

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਮਹੰਤ ਸ੍ਰੀ ਅੰਮ੍ਰਿਤ ਬਣ ਜੀ

ਮਹੰਤ ਸ੍ਰੀ ਅਮਰਜੀਤ ਬਣ ਜੀ

**ਵੱਲੋਂ : ਵੱਡਾ ਡੇਰਾ ਛਾਜਲੀ**

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਬਿਕਰਮਜੀਤ ਵਿੱਕੀ

ਜਥੇ. ਭਰਪੂਰ ਸਿੰਘ ਕੌਮੀ ਜਥੇਬੰਦਕ ਸਕੱਤਰ

ਮੁਖਤਿਆਰ ਸਿੰਘ ਸਿੱਧੂ ਪ੍ਰਧਾਨ ਕੋ-ਅਪ੍ਰੇਟਿਵ ਸੁਸਾਇਟੀ ਛਾਜਲੀ

ਮਾਸਟਰ ਰਣਜੀਤ ਸਿੰਘ ਛਾਜਲਾ

ਗੁਰਸੇਵਕ ਸਿੰਘ ਧਾਲੀਵਾਲ ਪੰਚ

ਛਿੰਦਾ ਧਾਲੀਵਾਲ

**ਵੱਲੋਂ : ਸ਼੍ਰੋਮਣੀ ਅਕਾਲੀ (ਮੁੜ ਪੁਨਰ ਸੁਰਜੀਤੀ)**

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਡਾ. ਬਿਹਾਰੀ ਮੰਢੇਰ

ਤਾਰਾ ਸਿੰਘ ਛਾਜਲੀ



ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਉਜਾਗਰ ਸਿੰਘ ਬਰਾਂਚ ਪ੍ਰਧਾਨ

ਨਛੱਤਰ ਸਿੰਘ ਚੱਠਾ ਸੀਨੀਅਰ ਮੈਂਬਰ

**ਟੈਕਨੀਕਲ ਅਤੇ ਮਕੈਨੀਕਲ ਇੰਪਲਾਈਜ਼ ਯੂਨੀਅਨ ਪੰਜਾਬ**

**ਫੁੱਲ ਏ.ਸੀ. ਬਿਲਡਿੰਗ**

Play Group to 8th

ਅੰਗਰੇਜ਼ੀ ਮਾਧਿਅਮ

ਸੀਮਿਤ ਸੀਟਾਂ

**ਸੀ.ਬੀ.ਐਸ.ਈ.** ਤੋਂ ਮਾਨਤਾ ਪ੍ਰਾਪਤ

(ਮਾਨਤਾ ਨੰਬਰ 1630888)



ਨਰਸਰੀ ਤੋਂ ਬਾਰਵੀਂ ਕਲਾਸ

ਸਾਰੇ ਵਿਸ਼ੇ : ਆਰਟਸ, ਕਾਮਰਸ, ਮੈਡੀਕਲ ਅਤੇ ਨਾਨ-ਮੈਡੀਕਲ

ਨਵੇਂ ਸੈਸ਼ਨ ਲਈ **ਦਾਖ਼ਲਾ ਸ਼ੁਰੂ**

**ਹੋਲੀ ਹਾਰਟ ਪਬਲਿਕ ਸੀ.ਸੈ. ਸਕੂਲ**

e.mail : hhpschhajli@gmail.com

ਛਾਜਲੀ (ਸੰਗਰੂਰ) ਸੰਪਰਕ ਨੰਬਰ : 94176-66821, 94174-50100



ਮਨਦੀਪ ਚੱਠਾ ਚੇਅਰਮੈਨ ਹੋਲੀ ਹਾਰਟ ਪਬਲਿਕ ਸੀ. ਸੈ. ਸਕੂਲ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਅੰਮ੍ਰਿਤਪਾਲ ਸਿੰਘ ਡਾਇਰੈਕਟਰ ਹੋਲੀ ਹਾਰਟ ਪਬਲਿਕ ਸੀ. ਸੈ. ਸਕੂਲ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਸਤਨਾਮ ਸਿੰਘ ਸਮਾਜ ਸੇਵੀ

ਕੁਲਵਿੰਦਰ ਸਿੰਘ ਖੇਡ ਪ੍ਰਮੋਟਰ

**ਧੰਨਵਾਦ**

ਮੈਂ ਉਹਨਾਂ ਸਾਰੇ ਸੱਜਣ-ਮਿੱਤਰਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਸ ਸਪਲੀਮੈਂਟ ਕੱਢਣ ਲਈ ਸਹਿਯੋਗ ਦਿੱਤਾ।ਉਮੀਦ ਕਰਦਾ ਹਾਂ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਕਰਦੇ ਰਹਿਣਗੇ।

**ਜਸਵੀਰ ਲਾਡੀ**

ਪੱਤਰਕਾਰ ਦਿੜ੍ਹਬਾ

ਮੋਬਾਇਲ : 98722-43621



## ਨੰਗਲ ਅੰਬੀਆਂ ਦਾ ਸਾਲਾਨਾ ਛਿੰਝ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ



**ਸ਼ਾਹਕੋਟ (ਗਿਆਨ ਸੈਦਪੁਰੀ)-** ਡੇਰਾ ਮਾਤਾ ਪੰਜਾਬ ਕੌਰ ਨੰਗਲ ਅੰਬੀਆਂ ਦੇ ਸਾਲਾਨਾ ਛਿੰਝ ਮੇਲੇ ਵਿੱਚ ਮੁਕੇਸ਼ ਮੋਹਾਲੀ ਅਤੇ ਤੀਰਥ ਫਗਵਾੜਾ ਦਰਮਿਆਨ ਹੋਈ ਪਟਕੇ ਦੀ ਕੁਸ਼ਤੀ ਬਰਾਬਰ ਰਹੀ।ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਸ਼ਾਮਿਲ ਹੋਏ। ਉਹਨਾਂ ਨਾਲ ਵਿਸ਼ੇਸ਼ ਮਹਿਮਾਨਾਂ ਵਜੋਂ ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜ਼ਾਰ ਸਿੰਘ ਥਿੰਦ, ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਸੁਰਿੰਦਰਜੀਤ ਸਿੰਘ ਚੱਠਾ ਸ਼ਾਮਲ ਹੋਏ।ਸੁਖਦੇਵ ਰਾਜ ਗਿੱਲ ਸਾਬਕਾ ਸਰਪੰਚ ਨੰਗਲ ਅੰਬੀਆ, ਬਲਾਕ ਸੰਮਤੀ ਸ਼ਾਹਕੋਟ ਦੇ ਵਾਈਸ ਚੇਅਰਮੈਨ ਸੁਖਦੇਵ ਸਿੰਘ ਸੁੱਖਾ, ਸੱਤੀ ਪਹਿਲਵਾਨ ਢੰਡੋਵਾਲ, ਜਸਪਾਲ ਸਿੰਘ ਸਰਪੰਚ ਅਤੇ ਮਹਿੰਦਰ ਸਿੰਘ ਸੰਧੂ ਦੀ ਦੇਖ ਰੇਖ ਅਤੇ ਅਗਵਾਈ ਵਿੱਚ ਹੋਏ ਛਿੰਝ ਮੇਲੇ ਦਾ ਉਦਘਾਟਨ ਮਹੰਤ ਚੇਤਨ ਦਾਸ ਅਤੇ ਬਾਬਾ ਜਸਵੰਤ ਸਿੰਘ ਕੋਟਲਾ ਸੂਰਜ ਮੱਲ ਨੇ ਕੀਤਾ।ਛਿੰਝ ਮੇਲੇ ਨੂੰ ਸੰਬੋਧਨ ਕਰਦਿਆ ਹਲਕਾ ਵਿਧਾਇਕ ਸ਼ੇਰੋਵਾਲੀਆਂ ਨੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ। ਛਿੰਝ ਮੇਲੇ ਵਿੱਚ ਦਰਜਨਾਂ ਦਿਲਚਸਪ ਕੁਸ਼ਤੀਆਂ ਹੋਈਆਂ। ਅਕਾਸ਼ ਸ਼ਾਹਕੋਟ ਅਤੇ ਰੋਹਿਤ ਕਾਂਝਲੀ ਦਰਮਿਆਨ ਹੋਈ ਕੁਸ਼ਤੀ ਨੂੰ ਬੜੀ ਦਿਲਚਸਪੀ ਨਾਲ ਦੇਖਿਆ ਗਿਆ। ਇਸ ਕੁਸ਼ਤੀ ਵਿੱਚ ਅਕਾਸ਼ ਸ਼ਾਹਕੋਟ ਜੇਤੂ ਰਿਹਾ। ਪ੍ਰਬੰਧਕਾਂ ਵੱਲੋਂ ਹਾਕੀ ਓਲੰਪੀਅਨ ਸਵਰਗੀ ਮਹਿੰਦਰ ਮੁਨਸ਼ੀ ਨੰਗਲ ਅੰਬੀਆਂ ਦੇ ਭਰਾ ਸੱਤਪਾਲ ਸਿੰਘ ਮੁਨਸ਼ੀ ਦਾ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ ਗਿਆ। ਪਟਕੇ ਦੀ ਕੁਸ਼ਤੀ ਨੰਗਲ ਅੰਬੀਆਂ ਦੇ ਜੈਲਦਾਰ ਪਰਿਵਾਰ ਵੱਲੋਂ ਸਪਾਂਸਰ ਕੀਤੀ ਗਈ। ਛਿੰਝ ਮੇਲੇ ਵਿੱਚ ਕਮੈਂਟੇਟਰ ਵਜੋਂ ਦਵਿੰਦਰ ਕਿਲੀ ਨੇ ਸੇਵਾਵਾਂ ਨਿਭਾਈਆਂ।ਛਿੰਝ ਮੇਲੇ ਵਿੱਚ ਹੋਰਨਾਂ ਤੋਂ ਇਲਾਵਾ ਬਲਜਿੰਦਰ ਸਿੰਘ ਭੋਲਾ, ਸੇਵਾ ਮੁਕਤ ਪ੍ਰਿੰਸੀਪਲ ਧਰਮਪਾਲ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋਪਰੇਟਿਵ ਸੁਸਾਇਟੀ ਢੰਡੋਵਾਲ, ਸੋਨੂੰ ਕੰਗ ਪੀ. ਏ, ਅੰਗਰੇਜ਼ ਸਿੰਘ ਨੰਗਲ ਅੰਬੀਆ, ਜਸਬੀਰ ਸਿੰਘ ਪੰਨੂ ਸੇਵਾ ਮੁਕਤ ਪੰਚਾਇਤੀ ਸਕੱਤਰ, ਜਗਤਾਰ ਸਿੰਘ ਸਾਬਕਾ ਸਰਪੰਚ ਬਾਜਵਾ ਕਲਾਂ, ਮਨਿੰਦਰ ਸਿੰਘ ਸੰਧੂ, ਗੁਰਮੀਤ ਸਿੰਘ ਸੇਵਾ ਮੁਕਤ ਏ ਐੱਸ ਆਈ, ਪਹਿਲਵਾਨ ਮਜੀਦਾ, ਬਿੱਟੂ ਬੁੱਢਣਵਾਲ, ਗੁਰਦੇਵ ਸਿੰਘ ਸਰਪੰਚ ਕੰਨੀਆ ਖੁਰਦ, ਗੁਰਨਾਮ ਸਿੰਘ ਸਰਪੰਚ ਕੋਟਲਾ ਸੂਰਜ ਮੱਲ, ਅਮਨਦੀਪ ਸੈਦਪੁਰੀ ਆਦਿ ਮੌਜੂਦ ਸਨ।

## ਕਿਸ਼ਨਗੜ੍ਹ ’ਚ ਡਾ. ਅੰਬੇਡਕਰ ਦਾ 135ਵਾਂ ਜਨਮ ਦਿਵਸ ਮਨਾਇਆ



**ਕਿਸ਼ਨਗੜ੍ਹ, (ਸੁਖਜੀਤ ਕੁਮਾਰ)-** ਕਿਸ਼ਨਗੜ੍ਹ ਵਿਖੇ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦਾ 135ਵਾਂ ਜਨਮ ਦਿਵਸ ਡਾ. ਬੀ. ਆਰ.ਅੰਬੇਡਕਰ ਮਿਸ਼ਨ ਐਂਡ ਵੈਲਫੇਅਰ ਸੋਸਾਇਟੀ ਰਜਿ. ਅੱਡਾ ਕਿਸ਼ਨਗੜ੍ਹ, ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ ਕਿਸ਼ਨਗੜ੍ਹ ਅਤੇ ਸਤਿਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਕਿਸ਼ਨਗੜ੍ਹ ਆਦਿ ਦੇ ਸਾਂਝੇ ਸਹਿਯੋਗ ਨਾਲ ਮਨਾਇਆ ਗਿਆ। ਇਸ ਮੌਕੇ ਸਮਾਗਮ ’ਚ ਤਹਿਸੀਲਦਾਰ ਵਿਜੇ ਕੁਮਾਰ ਅਹੀਰ, ਸੰਤ ਪ੍ਰਦੀਪ ਦਾਸ ਕੂਪੁਰ ਢੇਪੁਰ, ਸੰਤ ਬਾਬਾ ਜਗੀਰ ਸਿੰਘ, ਗੁਰਮੇਲ ਸਿੰਘ ਮਾਣਕੋ ਸੇਵਾ ਮੁਕਤ ਡਿਪਟੀ ਰੋਜ਼ਗਾਰ ਅਫਸਰ, ਪ੍ਰਿੰਸੀਪਲ ਗਿਰਧਾਰੀ ਲਾਲ ਪਚਰੰਗਾ, ਸੇਵਾ ਮੁਕਤ ਪ੍ਰਿੰਸੀਪਲ ਚਰਨਾ ਰਾਮ, ਡਾ. ਅਮਨਦੀਪ ਕੌਰ ਮਹੇ, ਸਬ ਇੰਸ. ਮੰਗਾ ਰਾਮ, ਬਲਾਕ ਸੰਮਤੀ ਮੈਂਬਰ ਬਲਜਿੰਦਰ ਕੌਰ, ਸਾਬਕਾ ਸਰਪੰਚ ਮਾ. ਭਾਗ ਰਾਮ, ਬਾਬਾ ਸੁਖਦੇਵ ਸੁੱਖੀ, ਬਲਦੇਵ ਸਿੰਘ ਹੋਠੀ, ਸਟੇਟ ਐਵਾਰਡ ਅਧਿਆਪਕ ਪ੍ਰਵੀਨ ਕੁਮਾਰ, ਸੇਵਾ ਮੁਕਤ ਥਾਣੇਦਾਰ ਗੁਰਸ਼ਰਨ ਸਿੰਘ, ਨੰਬਰਦਾਰ ਹਰਜੀਤ ਸਿੰਘ ਦਾਸੂਪੁਰ, ਰੇਸ਼ਮ ਲਾਲ ਸਰਪੰਚ ਨਿਜ਼ਾਮਦੀਨਪੁਰ, ਗੁਰਦਿਆਲ ਸਿੰਘ ਸਾਬਕਾ ਸਰਪੰਚ ਨਿਜ਼ਾਮਦੀਨਪੁਰ, ਸੁੱਚਾ ਸਿੰਘ ਜੱਸਲ, ਲੈਕਚਰਾਰ ਪ੍ਰਗਟ ਲਾਲ ਸੰਘਵਾਲ, ਲੈਕਚਰਾਰ ਜਤਿੰਦਰ ਸਿੰਘ ਫਗਵਾੜਾ, ਸੂਬੇਦਾਰ ਕਰਨੈਲ ਚੰਦ, ਬਲਦੇਵ ਰਾਜ ਜੱਸੀ ਕਬੂਲਪੁਰ, ਸਾਬਕਾ ਸਰਪੰਚ ਕਰਮਜੀਤ ਕੌਰ ਕਿਸ਼ਨਗੜ੍ਹ ਆਦਿ ਵੱਲੋਂ ਸਾਂਝੇ ਤੌਰ ’ਤੇ ਬਾਬਾ ਸਾਹਿਬ ਦੀ ਪ੍ਰਤਿਮਾ ਨੂੰ ਨਤਮਸਤਕ ਹੁੰਦਿਆਂ ਫੁੱਲ ਮਲਾਵਾਂ ਭੇਟ ਕੀਤੀਆਂ ਗਈਆਂ।ਇਸ ਮੌਕੇ ਮਿਸ਼ਨਰੀ ਗਾਇਕ ਜੋਗਿੰਦਰ ਦੁਖੀਆ ਵੱਲੋਂ ਬਾਬਾ ਸਾਹਿਬ ਦੇ ਸੰਘਰਸ਼ਮਈ ਜੀਵਨ ’ਤੇ ਅਨੇਕਾਂ ਰਚਨਾਵਾਂ ਨਾਲ ਹਾਜ਼ਰੀਨ ਨੂੰ ਜਾਣੂ ਕਰਵਾਇਆ। ਇਸ ਮੌਕੇ ਚੇਅਰਮੈਨ ਮਹਿੰਦਰ ਕੁਮਾਰ ਸੇਵਾ ਮੁਕਤ ਕਾਨੂੰਨਗੋ, ਪ੍ਰਧਾਨ ਸਾਲਗ ਰਾਮ ਸਰੋਆ ਸੇਵਾ ਮੁਕਤ ਕਾਨੂੰਨਗੋ, ਸਕੱਤਰ ਲੈਕਚਰਾਰ ਸੁਰਜੀਤ ਸਿੰਘ ਜੱਸਲ, ਸਰਪੰਚ ਡਾ. ਗੁਰਬਖ਼ਸ਼ ਸਵਾਮੀ, ਕੈਸ਼ੀਅਰ ਰੋਸ਼ਨ ਲਾਲ ਸੋਂਧੀ, ਸਹਾਇਕ ਕੈਸ਼ੀਅਰ ਸਤਪਾਲ ਸਿੰਘ ਬੰਗੜ ਸੇਵਾ ਮੁਕਤ ਰੇਂਜ ਅਫਸਰ, ਐਸ ਆਈ ਰਾਜੇਸ਼ ਕੁਮਾਰ ਵਿਰਦੀ, ਬਲਵੀਰ ਬੈਂਸ ਸਰਮਸਤਪੁਰ, ਸਾਬਕਾ ਸਰਪੰਚ ਪਰਮਜੀਤ ਕੁਮਾਰ ਕਿਸ਼ਨਗੜ੍ਹ, ਗੁਰਕ੍ਰਿਪਾਲ ਮਹੇ, ਸ਼ਮਸ਼ੇਰ ਭਾਰਤੀ ਸੇਵਾ ਮੁਕਤ ਮੈਨੇਜਰ, ਸੰਸਾਰ ਚੰਦ ਬਿਆਸ ਪਿੰਡ, ਸੁਰਿੰਦਰ ਕੁਮਾਰ ਬੰਗੜ ਵੱਲੋਂ ਬਾਖੂਬੀ ਨਿਭਾਈਆਂ ਗਈਆਂ।

## ਸੰਤ ਕ੍ਰਿਪਾਲ ਦਾਸ ਨੇ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਦੀ ਕ੍ਰਾਂਤੀਕਾਰੀ ਸੋਚ ਨਾਲ ਜੋੜਿਆ : ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ (ਓ ਪੀ ਰਾਣਾ)-** ਆਦਿ ਧਰਮ ਸੰਤ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਲੁਧਿਆਣਾ, ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਵੱਲੋਂ ਸੰਤ ਕ੍ਰਿਪਾਲ ਦਾਸ ਦੇ ਅਚਨਚੇਤ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਹ ਇਕ ਵਿਚਾਰਵਾਨ, ਕਥਾਵਾਚਕ ਅਤੇ ਉੱਘੇ ਕੀਰਤਨੀਏ ਸੰਤ ਮਹਾਂਪੁਰਸ਼ ਸਨ, ਜਿਨਾਂ ਦੇ ਫਾਨੀ ਸੰਸਾਰ ਤੋਂ ਤੁਰ ਜਾਣ ਨਾਲ ਸਮਾਜ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਓਨਾਂ ਕਿਹਾ ਕਿ ਸੰਤ ਕ੍ਰਿਪਾਲ ਦਾਸ ਨੇ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ‘ਸਤਿਸੰਗਤ ਮਿਲਿ ਰਹੀਏ ਮਾਧੋ ਜੈਸੇ ਮਧੁਪ ਮਖੀਰਾ’ ਰਾਹੀਂ ਸਮਾਜ ਵਿੱਚ ਏਕਤਾ, ਭਾਈਚਾਰਕ ਸਾਂਝ ਪੈਦਾ ਕਰਨ ਦਾ ਉਪਦੇਸ਼ ਦਿੱਤਾ ਤੇ ‘ਮਾਧੋ ਅਵਿੱਦਿਆ ਹਿੱਤ ਕੀਨ ਵਿਵੇਕ ਦੀਪ ਮਲੀਨ’ ਬਾਣੀ ਰਾਹੀਂ ਸਮਝਾਇਆ ਕਿ ਵਿੱਦਿਆ ਭਾਵ ਗਿਆਨਵਾਨ ਹੋਣਾ ਹਰ ਕਿਸੇ ਲਈ ਓਨਾ ਹੀ ਜ਼ਰੂਰੀ ਹੈ ਜਿੰਨਾ ਜੀਵਨ ਜਿਊਣ ਲਈ ਅਨਾਜ,ਪਾਣੀ ਅਤੇ ਹੋਰ ਵਸਤਾਂ ਦੀ ਲੋੜ ਹੈ। ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸੰਤ ਕ੍ਰਿਪਾਲ ਦਾਸ ਨੇ ਕਥਾ, ਕੀਰਤਨ ਸਤਸੰਗਤਿ ਰਾਹੀਂ ਵਿਦੇਸ਼ਾਂ ਵਿਚ ਵੀ ਜਾ ਕੇ ਸੰਗਤਾਂ ਨੂੰ ਗੁਰੂ ਰਵਿਦਾਸ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਜੋੜਿਆ।ਉਨ੍ਹਾਂ ਕਿਹਾ ਸੰਤ ਕ੍ਰਿਪਾਲ ਦਾਸ ਦੇ ਅਚਨਚੇਤ ਵਿਛੋੜੇ ਨਾਲ ਸਮੁੱਚੀ ਆਦਿ ਧਰਮੀ ਕੌਮ, ਸੰਤ ਮਹਾਂਪੁਰਸ਼ਾਂ, ਧਾਰਮਿਕ, ਸਮਾਜਿਕ ਤੇ ਰਾਜਨੀਤਕ ਜਥੇਬੰਦੀਆਂ ਅੰਦਰ ਸ਼ੋਕ ਦੀ ਲਹਿਰ ਹੈ। ਉਨਾਂ ਡੇਰਾ ਸੱਚਖੰਡ ਸੰਤ ਮਾਹਨ ਦਾਸ ਗਣੇਸ਼ਪੁਰ ਭਾਰਟਾ ਵਿਖੇ ਪ੍ਰਮੁੱਖ ਸੇਵਾਦਾਰ ਸੰਤ ਸੰਤੋਖ ਦਾਸ ਅਤੇ ਸੰਗਤਾਂ ਨੂੰ ਮਿਲਕੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਆਦਿ ਧਰਮ ਮਿਸ਼ਨ ਟੀਮ ਵੱਲੋਂ ਹਮੇਸ਼ਾਂ ਸਹਿਯੋਗ ਦਾ ਵਿਸ਼ਵਾਸ ਦਿਵਾਇਆ।



### ਸੜਕ ਹਾਦਸੇ ’ਚ ਇੱਕ ਦੀ ਮੌਤ

**ਨਵਾਂਸ਼ਹਿਰ (ਮਨੋਜ ਲਾਡੀ)-** ਜਾਡਲਾ ਰਾਹੋਂ ਸੜਕ ਪਿੰਡ ਜਾਡਲਾ ਵਿਖੇ ਸਕੂਟਰੀ ਅਤੇ ਮਹਿੰਦਰਾ ਪਿਕਅਪ ਗੱਡੀ ਦੀ ਟੱਕਰ ਵਿਚ ਇਕ ਵਿਅਕਤੀ ਦੀ ਮੌਤ ਹੋ ਚੁੱਕੀ ਹੈ। ਮਿਲੀ ਜਾਣਕਾਰੀ ਅਨੁਸਾਰ ਹਰਮੇਸ਼ ਸਿੰਘ ਵਾਸੀ ਮਜਾਰਾ ਖੁਰਦ ਸਕੂਟਰੀ ਤੇ ਜਾਡਲਾ ਵਿਖੇ ਆਟਾ ਚੱਕੀ ਉੱਤੇ ਦਾਣੇ ਰੱਖ ਕੇ ਜਦੋਂ ਸੜਕ ਉਤੇ ਚੜ੍ਹਨ ਲੱਗਾ ਤਾਂ ਮਹਿੰਦਰਾ ਪਿਕਅਪ ਗੱਡੀ ਨੇ ਸਕੂਟਰੀ ਨੂੰ ਟੱਕਰ ਮਾਰ ਦਿੱਤੀ। ਟੱਕਰ ਹੋਣ ਤੋਂ ਬਾਅਦ ਹਰਮੇਸ਼ ਸਿੰਘ ਦੇ ਸਿਰ ਵਿਚ ਸੱਟ ਲੱਗੀ ਤੇ ਉਹ ਗੰਭੀਰ ਜ਼ਖਮੀ ਹੋ ਗਿਆ । ਮੌਕੇ ਉਤੇ ਹਾਜ਼ਰ ਲੋਕਾਂ ਨੇ ਉਸ ਨੂੰ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਨਸ਼ਾ ਵਿਰੋਧੀ ਸੈਮੀਨਾਰ

**ਬਲਾਚੌਰ (ਜਸਵਿੰਦਰ ਬੈਂਸ)-** ਪ੍ਰੈਕਟੀਸ਼ਨਰ ਐਸੋਸੀਏਸ਼ਨ (ਰਜਿ. 295) ਬਲਾਕ ਬਲਾਚੌਰ ਦੀ ਮਾਸਿਕ ਮੀਟਿੰਗ ਬਲਾਕ ਪ੍ਰਧਾਨ ਡਾ ਤਜਿੰਦਰ ਸਿੰਘ ਜੋਤ ਦੀ ਪ੍ਰਧਾਨਗੀ ਹੇਠ ਬੜੇ ਉਤਸ਼ਾਹ ਨਾਲ ਸੰਪੰਨ ਹੋਈ। ਇਸ ਮੀਟਿੰਗ ਵਿੱਚ ਜਿੱਥੇ ਜਥੇਬੰਦਕ ਮੁੱਦਿਆਂ ’ਤੇ ਚਰਚਾ ਕੀਤੀ ਗਈ, ਉੱਥੇ ਹੀ ਸਮਾਜਿਕ ਸਰੋਕਾਰਾਂ ਨੂੰ ਮੁੱਖ ਰੱਖਦਿਆਂ ਨਸ਼ਿਆਂ ਵਿਰੁੱਧ ਜੰਗ ਦਾ ਐਲਾਨ ਵੀ ਕੀਤਾ ਗਿਆ। ?ਸਮਾਗਮ ਦੀ ਸ਼ੁਰੂਆਤ ਡਾਕਟਰ ਭੀਮ ਰਾਓ ਅੰਬੇਦਕਰ ਦੇ ਜਨਮਦਿਨ ਨੂੰ ਸਮਰਪਿਤ ਲੱਡੂ ਵੰਡ ਕੇ ਕੀਤੀ ਗਈ। ਇਸ ਮੌਕੇ ਸੂਬਾ ਉਪ ਪ੍ਰਧਾਨ ਡਾ ਦਿਲਦਾਰ ਸਿੰਘ ਚਾਹਲ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ।ਸਮਾਜ ਵਿੱਚ ਵਧ ਰਹੀ ਨਸ਼ਿਆਂ ਦੀ ਲਾਹਣਤ ਨੂੰ ਠੱਲ੍ਹ ਪਾਉਣ ਲਈ ਐਸੋਸੀਏਸ਼ਨ ਵੱਲੋਂ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਡੀ ਐੱਸ ਪੀ ਸਬ ਡਿਵੀਜ਼ਨ ਹਿੰਮਤ ਮਲਹੋਤਰਾ ਇਹਨਾਂ ਦੇ ਨਾਲ ਐੱਸ ਐੱਚ ਓ ਸਿਟੀ ਕਮਲ ਤਨੇਜਾ ਨੇ ਉਚੇਚੇ ਤੌਰ ’ਤੇ ਸ਼ਿਰਕਤ ਕੀਤੀ। ਸੈਮੀਨਾਰ ਦੌਰਾਨ ਇਲਾਕੇ ਦੇ ਪੰਚਾਂ ਅਤੇ ਸਰਪੰਚਾਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਡੀ ਐੱਸ ਪੀ ਨੇ ਕਿਹਾ ਕਿ ਸਮਾਜ ਵਿੱਚੋਂ ਨਸ਼ੇ ਦੇ ਕੋਹੜ ਨੂੰ ਖਤਮ ਕਰਨ ਲਈ ਜਨਤਕ ਸਹਿਯੋਗ ਬਹੁਤ ਜ਼ਰੂਰੀ ਹੈ। ?ਮੀਟਿੰਗ ਦੌਰਾਨ ਬਲਾਕ ਦੇ ਚੇਅਰਮੈਨ ਡਾ ਮਨੋਹਰ ਲਾਲ ਅਤੇ ਸਮੂਹ ਮੈਂਬਰਾਂ ਵੱਲੋਂ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਦੀ ਤਸਵੀਰ ’ਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰ , ਡਾ. ਗਿਆਨ ਸਿੰਘ ਮੰਡੇਰ ਜਨਰਲ ਸਕੱਤਰ, ਡਾ. ਹਰਜਿੰਦਰ ਸਿੰਘ ਕੈਸ਼ੀਅਰ, ਡਾ. ਪਿੰਕਾ, ਡਾ. ਯਸ਼ਪਾਲ ਸ਼ਰਮਾ, ਡਾ. ਸੁੱਚਾ ਸਿੰਘ, ਡਾ. ਬਲਦੇਵ ਸਿੰਘ, ਡਾ. ਪ੍ਰੇਮ ਸਿੰਘ, ਡਾ. ਹਰਦੀਪ ਸਿੰਘ, ਡਾ. ਹਰਭਜਨ, ਡਾ. ਸ਼ਮਸ਼ੇਰ, ਡਾ. ਬਹਾਦਰ ਸਿੰਘ, ਡਾ. ਸਾਹਿਲ, ਡਾ. ਜਸਵੀਰ ਸਿੰਘ, ਡਾ. ਅੰਗਰੇਜ਼, ਡਾ. ਗੁਰਪ੍ਰੀਤ ਤੇ ਮੈਂਬਰਾਂ ਨੇ ਪ੍ਰਸ਼ਾਸਨ ਨੂੰ ਭਰੋਸਾ ਦਿਵਾਇਆ ਕਿ ਉਹ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਹਰ ਸੰਭਵ ਸਹਿਯੋਗ ਦੇਣਗੇ।

## ਇਫਟੂ ਨੇ ਮੋਦੀ ਤੇ ਯੋਗੀ ਦੇ ਪੁਤਲੇ ਫੂਕੇ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)-** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ ਇਫਟੂ ਦੀ ਸੂਬਾ ਕਮੇਟੀ ਦੇ ਸੱਦੇ ਅਨੁਸਾਰ ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ ਚਮਕੌਰ ਸਾਹਿਬ ਵੱਲੋਂ ਪ੍ਰਧਾਨ ਬਲਵਿੰਦਰ ਸਿੰਘ ਸਿਮਰੂ ਦੀ ਪ੍ਰਧਾਨਗੀ ਹੇਠ ਇੱਥੋਂ ਦੇ ਲੇਬਰ ਚੌਂਕ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਯੂ ਪੀ ਦੇ ਮੁੱਖ ਮੰਤਰੀ ਯੋਗੀ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਯੂਨੀਅਨ ਦੇ ਜਨਰਲ ਸਕੱਤਰ ਮਿਸਤਰੀ ਮਨਮੋਹਣ ਸਿੰਘ ਕਾਲਾ ਨੇ ਦੱਸਿਆ ਕਿ ਇਸ ਮੌਕੇ ਇਫਟੂ ਦੇ ਜ਼ਿਲ੍ਹਾ ਸਕੱਤਰ ਮਲਾਗਰ ਸਿੰਘ ਖਮਾਣੋ ਨੇ ਸਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਰੋਨਾ ਮਹਾਮਾਰੀ ਦੌਰਾਨ 37 ਲੇਬਰ ਕਾਨੂੰਨਾਂ ਨੂੰ ਰੱਦ ਕਰਕੇ ਬਣਾਏ ਚਾਰ ਕਾਰਪੋਰੇਟ ਪੱਖੀ ਕੋਡਾਂ ਨੂੰ ਲਾਗੂ ਕਰਕੇ ਅੱਠ ਘੰਟੇ ਦੀ ਦਿਹਾੜੀ ਨੂੰ 12 ਘੰਟੇ ਦੀ ਦਿਹਾੜੀ ਵਿੱਚ ਤਬਦੀਲ ਕੀਤਾ ਗਿਆ ਹੈ, ਜਿਸ ਤੇ ਕਾਮਿਆਂ ਦੀਆਂ ਉਜਰਤਾਂ ਨੂੰ ਫੈਕਟਰੀ ਮਾਲਕਾਂ ਨੂੰ ਛਾਂਟੀਆਂ ਕਰਨ ਦੇ ਖੁੱਲੇ ਅਧਿਕਾਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜਿਸ ਦੇ ਵਿਰੋਧ ਵਿੱਚ ਦਿੱਲੀ ਅਤੇ ਯੂਪੀ ਦੇ ਹਜ਼ਾਰਾਂ ਮਜ਼ਦੂਰ ਆਪਣੀਆਂ ਤਨਖਾਹਾਂ ਵਿੱਚ ਵਾਧਾ ਕਰਨ ਅਤੇ ਅੱਠ ਘੰਟੇ ਦੀ ਦਿਹਾੜੀ ਨੂੰ ਲਾਗੂ ਕਰਨ ਲਈ ਰੋਸ ਪ੍ਰਦਰਸ਼ਨ ਕਰ ਰਹੇ ਸਨ ਪਰ ਉੱਥੋਂ ਦੀ ਪੁਲੀਸ ਪ੍ਰਸ਼ਾਸਨ ਵੱਲੋਂ ਵਹਿਸ਼ੀ ਢੰਗ ਨਾਲ ਲਾਠੀਚਾਰਜ਼ ਕਰਕੇ ਮਜ਼ਦੂਰ ਆਗੂਆਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਵਿਰੋਧ ਵਿੱਚ ਅਤੇ ਮਜ਼ਦੂਰਾਂ ਨਾਲ ਇੱਕਜੁੱਟਤਾ ਪ੍ਰਗਟ ਕਰਨ ਲਈ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ । ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਗ੍ਰਿਫਤਾਰ ਕੀਤੇ ਮਜ਼ਦੂਰ ਆਗੂਆਂ ਨੂੰ ਤੁਰੰਤ ਰਿਹਾਅ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਅਜਾਇਬ ਸਿੰਘ, ਗੁਲਾਬ ਚੰਦ ਚੌਹਾਨ, ਜੀਵਨ ਸਿੰਘ, ਪ੍ਰੀਤਮ ਸਿੰਘ, ਜਸਵੀਰ ਸਿੰਘ, ਸਤਵਿੰਦਰ ਸਿੰਘ ਨੀਟਾ, ਕਾਕਾ ਸਿੰਘ ਅਤੇ ਗੁਰਮੇਲ ਸਿੰਘ ਆਦਿ ਹਾਜ਼ਰ ਸਨ।

## ਫਸਟ ਏਡ ਟ੍ਰੇਨਿੰਗ ਸੰਬੰਧੀ ਕੈਂਪ ਲਗਾਇਆ

**ਮੁਹਾਲੀ (ਗੁਰਜੀਤ ਬਿੱਲਾ)-** ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ, ਐੱਸ ਏ ਐੱਸ ਨਗਰ ਕੋਮਲ ਮਿੱਤਲ ਦੀ ਅਗਵਾਈ ਹੇਠ ਸੇਂਟ ਜਾਨ ਐਂਬੂਲੈਂਸ ਵਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਫਸਟ ਏਡ ਟ੍ਰੇਨਿੰਗ ਸੰਬੰਧੀ ਕੈਂਪ ਲਗਾਇਆ ਗਿਆ, ਜਿਸ ਵਿੱਚ ਭਾਰਤੀ ਰੈਡ ਕਰਾਸ ਦੇ ਟ੍ਰੇਨਰ ਸੰਦੀਪ ਸਿੰਘ ਨੇ ਕੰਡਕਟਰਾਂ, ਡਰਾਈਵਰਾਂ, ਫੈਕਟਰੀ ਵਰਕਰਾਂ ਅਤੇ ਨੈਨੀ ਸਟੂਡੈਂਟਸ ਨੂੰ ਹਾਦਸਿਆਂ ਦੌਰਾਨ ਕੀਮਤੀ ਜਾਨਾਂ ਬਚਾਉਣ ਦੀ ਸਿਖਲਾਈ ਦਿੱਤੀ ਗਈ।ਇਸ ਵਿੱਚ ਸਿਖਿਆਰਥੀਆਂ ਨੂੰ ਦੱਸਿਆ ਗਿਆ ਕਿ ਦੁਰਘਟਨਾਵਾਂ ਦੌਰਾਨ ਫੱਟੜਾਂ ਦੀ ਜਿੰਦਗੀ ਬਚਾਉਣ ਅਤੇ ਉਨ੍ਹਾਂ ਦੀ ਦੁੱਖ ਤਕਲੀਫ ਘਟਾਉਣ ਵਿੱਚ ਫਸਟ ਏਡ ਦੀ ਬੇਹੱਦ ਲੋੜ ਰਹਿੰਦੀ ਹੈ। ਹਰ ਇਕ ਨਾਗਰਿਕ ਨੂੰ ਫਸਟ ਏਡ ਦੀ ਮੁਢਲੀ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ। ਉਨ੍ਹਾਂ ਵਲੋਂ ਸਿਖਿਆਰਥੀਆਂ ਨੂੰ ਸੀ ਪੀ ਆਰ, ਬਨਾਉਟੀ ਸਾਹ ਦੇਣਾ, ਬੇਹੋਸ਼ੀ, ਵਗਦੇ ਲਹੂ ਨੂੰ ਰੋਕਣ, ਟੁੱਟੀਆਂ ਹੱਡੀਆਂ ਨੂੰ ਸਹਾਰਾ ਦੇਣ, ਜਲਣ ਅਤੇ ਸੱਪ ਦੇ ਡੰਗਣ ਆਦਿ ਮੌਕੇ ਦਿੱਤੀ ਜਾਣ ਵਾਲੀ ਫਸਟ ਏਡ ਦੀ ਟ੍ਰੇਨਿੰਗ ਦਿੱਤੀ ਗਈ।ਸ੍ਰੀ ਹਰਬੰਸ ਸਿੰਘ, ਸਕੱਤਰ ਵਲੋਂ ਸਿਖਿਆਰਥੀਆਂ ਨੂੰ ਰੈਡ ਕਰਾਸ ਦੇ ਸਿਧਾਂਤਾਂ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਅਤੇ ਸੰਸਥਾ ਵਲੋਂ ਜ਼ਿਲ੍ਹੇ ਵਿੱਚ ਗਰੀਬਾਂ, ਮਰੀਜਾਂ, ਲੋੜਵੰਦਾਂ ਅਤੇ ਦਿਵਿਆਂਗਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ ਗਿਆ ਅਤੇ ਸੰਸਥਾ ਨਾਲ ਜੁੜ ਕੇ ਮਾਨਵਤਾ ਦੀ ਸੇਵਾ ਕਰਨ ਦੀ ਅਪੀਲ ਕੀਤੀ।

### ਫਾਲਕਨ ਇੰਟਰਨੈਸ਼ਨਲ ਸਕੂਲ ’ਚ ਫਰੈਸ਼ਰ ਪਾਰਟੀ



**ਸੁਲਤਾਨਪੁਰ ਲੋਧੀ (ਹਨੀ)-** ਫਾਲਕਨ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ’ਚ ਗਿਆਰਵੀਂ ਜਮਾਤ ਦੇ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੇ ਭੰਗੜਾ, ਗਿੱਧਾ, ਭਾਸ਼ਣ, ਅਤੇ ਗੀਤ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਬੱਚਿਆਂ ਨੇ ਆਪਣੇ ਭਾਸ਼ਣ ਵਿੱਚ ਆਪਣੇ ਸਕੂਲ ਬਾਰੇ ਦੱਸਿਆ ਕਿ ਕਿਵੇਂ ਇਥੇ ਉਹ ਆਪਣੇ ਉੱਜਵਲ ਭਵਿੱਖ ਦਾ ਸੁਪਨਾ ਦੇਖ ਰਹੇ ਹਨ ਤੇ ਉਹਨਾਂ ਦੀ ਸ਼ਖਸ਼ੀਅਤ ਨੂੰ ਉਭਾਰਨ ਵਿੱਚ ਸਕੂਲ ਦਾ ਬਹੁਤ ਯੋਗਦਾਨ ਹੈ।ਸਮਾਗਮ ਦਾ ਮੁੱਖ ਆਕਰਸ਼ਣ ਮਿਸਟਰ ਫਰੈਸ਼ਰ ਅਤੇ ਮਿਸ ਫਕੈਸ਼ਰ ਦੀ ਚੋਣ ਰਹੀ। ਇਸ ਦੌਰਾਨ ਅਰਮਾਨ ਸਿੰਘ ਨੂੰ ਮਿਸਟਰ ਫਰੈਸ਼ਰ ਅਤੇ ਜਸਲੀਨ ਕੌਰ ਨੂੰ ਮਿਸ ਫਰੈਸ਼ਰ ਘੋਸ਼ਿਤ ਕੀਤਾ ਗਿਆ। ਦੋਹਾਂ ਨੇ ਆਪਣੇ ਵਿਸ਼ਵਾਸ, ਪ੍ਰਤਿਭਾ ਅਤੇ ਸ਼ਖਸੀਅਤ ਨਾਲ ਜੱਜਾਂ ਨੂੰ ਪ੍ਰਭਾਵਿਤ ਕੀਤਾ।ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋ ਅਤੇ ਮੈਨੇਜਿੰਗ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋ ਅਤੇ ਸਟਾਫ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਨੂੰ ਅਨੁਸ਼ਾਸਨ ਤੇ ਮਿਹਨਤ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਡਾ. ਜਲੌਰ ਸਿੰਘ ਖੀਵਾ ਨਾਲ ਰੂ-ਬ-ਰੂ ਤੇ ਕਵੀ ਦਰਬਾਰ ਕਰਵਾਇਆ



**ਖਰੜ (ਸੁਰਜੀਤ ਸੁਮਨ)-** ਸਾਹਿਤਕ ਸੱਥ ਖਰੜ ਵੱਲੋਂ ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ (ਰਜਿ.) ਮੋਹਾਲੀ ਦੇ ਸਹਿਯੋਗ ਨਾਲ ਸਥਾਨਕ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਅਤੇ ਭਾਸ਼ਾ ਵਿਗਿਆਨੀ ਡਾ. ਜਲੌਰ ਸਿੰਘ ਖੀਵਾ ਦਾ ਰੂ-ਬਰੂ ਕਰਵਾਇਆ ਗਿਆ। ਪ੍ਰਸਿੱਧ ਲੇਖਕ, ਆਲੋਚਕ ਪ੍ਰੋ. ਅਤੈ ਸਿੰਘ ਸਮਾਗਮ ਦੇ ਮੁੱਖ ਮਹਿਮਾਨ ਸਨ ਅਤੇ ਡਾ. ਸ਼ਿੰਦਰਪਾਲ ਸਿੰਘ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਪ੍ਰਧਾਨਗੀ ਮੰਡਲ ਵਿੱਚ ਜਸਪਾਲ ਸਿੰਘ ਦੇਸੂਵੀ, ਜਸਵਿੰਦਰ ਸਿੰਘ ਕਾਈਨੌਰ ਅਤੇ ਪਿਆਰਾ ਸਿੰਘ ਰਾਹੀ ਸ਼ਾਮਲ ਹੋਏ। ਡਾ. ਜਲੌਰ ਸਿੰਘ ਖੀਵਾ ਨੇ ਜੀਵ-ਜੰਤੂਆਂ ਦੇ ਨਾਮਕਰਨ ਬਾਰੇ ਸ਼ਬਦਾਂ ਦੇ ਸਹੀ ਅਰਥ ਬੋਧ, ਮਿੱਥਾਂ, ਲੋਕ-ਕਾਵਿ, ਕਿੱਸਾ-ਕਾਵਿ, ਸੂਫ਼ੀ-ਕਾਵਿ, ਸਮਾਜ ਤੇ ਸਭਿਆਚਾਰ ਬਾਰੇ ਸਾਰਥਕ ਗੱਲਾਂ ਕੀਤੀਆਂ। ਸੱਥ ਵੱਲੋਂ ਡਾ. ਜਲੌਰ ਸਿੰਘ ਖੀਵਾ ਨੂੰ ਸਨਮਾਨ ਚਿੰਨ੍ਹ ਅਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰੋ. ਅਤੈ ਸਿੰਘ ਨੇ ਆਪਣੇ ਭਾਸ਼ਣ ਵਿਚ ਡਾ. ਜਲੌਰ ਸਿੰਘ ਖੀਵਾ ਵੱਲੋਂ ਕੀਤੀਆਂ ਗੱਲਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਹ ਸਿਲਸਿਲਾ ਨਿਰੰਤਰ ਜਾਰੀ ਰਹਿਣਾ ਚਾਹੀਦਾ ਹੈ। ਕਵੀ ਦਰਬਾਰ ਵਿੱਚ ਤਰਸੇਮ ਸਿੰਘ ਕਾਲੇਵਾਲ, ਰਾਣੀ ਸੁਮਨ, ਰਮਨ ਸੰਧੂ, ਡਾ. ਸੁਦਾਗਰ ਸਿੰਘ ਪਾਲ, ਪਿਆਰਾ ਸਿੰਘ ਰਾਹੀ, ਬਲਵਿੰਦਰ ਸਿੰਘ ਢਿੱਲੋਂ, ਹਰਜਿੰਦਰ ਸਿੰਘ ਗੋਪਾਲੋਂ, ਮੰਦਰ ਗਿੱਲ ਸਾਹਿਬਚੰਦੀਆ, ਬੰਤ ਸਿੰਘ ਦੀਪ, ਕੁਲਵਿੰਦਰ ਸਿੰਘ ਖੈਰਾਬਾਦ, ਦਲਬੀਰ ਸਿੰਘ ਸਰੋਆ, ਸੁਮਿੱਤਰ ਸਿੰਘ ਦੋਸਤ, ਇੰਦਰਜੀਤ ਕੌਰ ਵਡਾਲਾ ਆਦਿ ਨੇ ਆਪਣੀਆਂ ਵੱਖ-ਵੱਖ ਕਾਵਿ-ਰਚਨਾਵਾਂ ਰਾਹੀਂ ਖੂਬ ਰੰਗ ਬੰਨਿਆਂ। ਮੰਚ ਸੰਚਾਲਨ ਪਿਆਰਾ ਸਿੰਘ ਰਾਹੀ ਵੱਲੋਂ ਬਾਖ਼ੂਬੀ ਕੀਤਾ ਗਿਆ।

## ਆਮ ਆਦਮੀ ਪਾਰਟੀ ਨੂੰ ਝਟਕਾ, ਚਾਰ ਨੰਬਰ ਵਾਰਡ ਤੋਂ ਭਿੰਦਾ ਸੁਨਿਆਰਾ ਕਾਂਗਰਸ ’ਚ ਸ਼ਾਮਲ



**ਸ਼ਾਹਕੋਟ (ਗਿਆਨ ਸੈਦਪੁਰੀ)-** ‘ਜਦੋਂ ਤੋਂ ਮੈਂ ਸਿਆਸਤ ਕਰਨੀ ਸ਼ੁਰੂ ਕੀਤੀ, ਕਦੇ ਵੀ ਕਿਸੇ ਨੂੰ ਜ਼ਬਰਦਸਤੀ ਜਾਂ ਦਬਾਅ ਹੇਠ ਲਿਆ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਨਹੀਂ ਕੀਤਾ। ਜੇ ਅੱਜ ਲੋਕ ਮੈਨੂੰ ਆਪਣੇ ਪਰਵਾਰ ਦਾ ਹਿੱਸਾ ਸਮਝਦੇ ਹਨ ਤਾਂ ਇਹ ਸਭ ਮੇਰੇ ਵੱਲੋਂ ਸਾਫ ਸੁਥਰੀ ਕੀਤੀ ਸਿਆਸਤ ਦਾ ਨਤੀਜਾ ਹੈ’। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਉਸ ਵਕਤ ਕੀਤਾ ਜਦੋਂ ਉਹ ਸ਼ਹਿਰੀ ਪ੍ਰਧਾਨ ਲਛਮਣ ਸੋਬਤੀ ਤੇ ਹੋਰ ਆਏ ਪਤਵੰਤਿਆਂ ਨਾਲ ਆਪਣੇ ਗ੍ਰਹਿ ਸਾਹਲਾ ਨਗਰ (ਮਲਸੀਆਂ) ਵਿਖੇ ਗੱਲਬਾਤ ਕਰ ਰਹੇ ਸਨ। ਇਸ ਮੌਕੇ ਲਛਮਣ ਸੋਬਤੀ ਸ਼ਹਿਰੀ ਪ੍ਰਧਾਨ, ਹਰਪਾਲ ਸਿੰਘ ਮੈਸਨ ਅਤੇ ਗੁਰਦਿਆਲ ਸਿੰਘ ਜਾਫਰਾਪੁਰ ਦੇ ਉੱਦਮਾ ਸਦਕਾ ਪਰਵਿੰਦਰ ਕੁਮਾਰ ਮੈਸਨ (ਭਿੰਦਾ ਸੁਨਿਆਰਾ) ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਜ਼ਿਕਰਯੋਗ ਹੈ ਕਿ ਭਿੰਦਾ ਸੁਨਿਆਰਾ ਵੱਲੋਂ ਪਿਛਲੇ ਸਮੇਂ ਹੋਈਆਂ ਨਗਰ ਪੰਚਾਇਤ ਸ਼ਾਹਕੋਟ ਦੀ ਚੋਣਾਂ ਵਿੱਚ ਵਾਰਡ ਨੰਬਰ ਚਾਰ ਤੋਂ ਆਮ ਆਦਮੀ ਪਾਰਟੀ ਵੱਲੋਂ ਚੋਣ ਵੀ ਲੜੀ ਗਈ ਸੀ।ਉਨ੍ਹਾਂ (ਭਿੰਦਾ ਸੁਨਿਆਰਾ) ਨੇ ਗੱਲਬਾਤ ਕਰਦਿਆਂ ਕਿਹਾ ਕਿ ਉਹ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਹਲਕੇ ਪ੍ਰਤੀ ਵਿਕਾਸਪੱਖੀ ਨੀਤੀ ਤੋਂ ਵੀ ਪ੍ਰਭਾਵਿਤ ਹਨ ਤਾਂ ਹੀ ਉਨ੍ਹਾਂ ਫੈਸਲਾ ਕੀਤਾ ਕਿ ਉਹ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ 2027 ਵਿੱਚ ਉਹ ਆਉਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸ਼ੇਰੋਵਾਲੀਆ ਲਈ ਦਿਨ ਰਾਤ ਮਿਹਨਤ ਕਰਕੇ ਆਪਣੇ ਵਾਰਡ ਵਿੱਚੋਂ ਚੰਗੇ ਨਤੀਜੇ ਲੈ ਕੇ ਆਉਣਗੇ। ਇਸ ਮੌਕੇ ਹਲਕਾ ਵਿਧਾਇਕ ਸ਼ੇਰੋਵਾਲੀਆ ਨੇ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜਮੇਰ ਸਿੰਘ ਸ਼ੇਰੋਵਾਲੀਆ, ਗੁਲਜ਼ਾਰ ਸਿੰਘ ਥਿੰਦ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਸੁਖਦੀਪ ਸਿੰਘ ਕੰਗ ਪੀ.ਏ, ਕਮਲ ਬਦੇਸ਼ਾ ਢੰਡੋਵਾਲ, ਡਾ.ਗੁਰਨੇਕ ਸਿੰਘ ਰੌਂਤ, ਵਰੁਣ ਮਲਹੋਤਰਾ, ਗੁਰਪ੍ਰੀਤ ਸਿੰਘ ਬੱਬੂ, ਡਾ. ਰਾਜੇਸ਼ ਚਾਹੌਨ, ਸੱਤੀ ਹਾਰਡਵੇਅਰ, ਅਮਨਦੀਪ ਸੈਦਪੁਰੀ ਆਦਿ ਮੌਜੂਦ ਸਨ।

**ਜਨਮ ਦਿਨ ਮੁਬਾਰਕ**



ਜਸਰਾਜ ਸਿੰਘ ਹੁਸ਼ਿਆਰਪੁਰ